


ਮਹਿਕਾ

ਹਰਭਜਨ ਸਿੰਘ ਰਾਜਾ

ਮਹਿਕਾਂ

(ਕਾਵਿ ਸੰਗ੍ਰਹਿ)

ਮਹਿਕਾਂ

ਹਰਭਜਨ ਸਿੰਘ ਰਾਜਾ

ਉਡਾਨ ਪਬਲੀਕੇਸ਼ਨਜ਼, ਮਾਨਸਾ

2010

ISBN-978-93-80672-05-2

Udaan Publications,
Mansa-151505, India.
01652-233087, 098148-09219
udaan123@rediffmail.com
Printed & Bound at Lucky Enterprises, Delhi

Mehkan (Poetry)

By Harbhajan Singh Raja
Ward No.4, Allanabad,
District Sirsa (Haryana)
Mob. 094168-80763

ਸਮਰਪਣ

ਆਪਣੇ ਸਵਰਗਵਾਸੀ ਪਿਤਾ ਸੰਤ ਪਿਆਰਾ ਸਿੰਘ ਜੀ ਅਤੇ
ਸਵਰਗਵਾਸੀ ਮਾਤਾ ਸ੍ਰੀਮਤੀ ਮਾਨ ਕੌਰ ਜੀ ਨੂੰ।
ਜਿੰਨ੍ਹਾਂ ਨੇ ਇਸ ਦੁਨੀਆਂ ਨਾਲ ਮੇਰੀ ਕੇਵਲ ਸਾਂਝ ਹੀ ਨਹੀਂ ਜੋੜੀ
ਬਲਕਿ ਚੰਗੀ ਜੀਵਨ ਜਾਂਚ ਵੀ ਦੱਸੀ।

ਆਪਣੇ ਵੱਲੋਂ

ਮੈਂ 1960 ਵਿੱਚ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ਼੍ਰੀ ਜੀਵਨ ਨਗਰ ਦਾ ਮੈਂਬਰ ਬਣਿਆ ਅਤੇ ਸਭਾ ਦੀ ਪ੍ਰੇਰਨਾ ਨਾਲ ਕਵਿਤਾ ਲਿਖਣੀ ਸ਼ੁਰੂ ਕੀਤੀ। ਮੈਂ ਸਭਾ ਦਾ ਅਭਾਰੀ ਹਾਂ ਜਿਸਨੇ ਮੈਨੂੰ ਉਂਗਲੀ ਫੜ ਕੇ ਨਾਲ ਤੋਰਿਆ ਅਤੇ ਸਟੇਜ ਤੇ ਕਵਿਤਾ ਪੜ੍ਹਨ ਦਾ ਮਾਣ ਵੀ ਬਖਸ਼ਿਆ। ਮੈਂ ਸਭਾ ਦਾ ਏਸ ਲਈ ਵੀ ਧੰਨਵਾਦੀ ਹਾਂ ਜਿਸਦੀ ਪ੍ਰੇਰਨਾ ਨਾਲ ਮੈਂ ਆਪਣੀ ਪਹਿਲੀ ਪੁਸਤਕ ਪਾਠਕਾਂ ਨੂੰ ਭੇਂਟ ਕਰਨ ਦੇ ਸਮਰਥ ਹੋ ਸਕਿਆ ਹਾਂ।

ਮੈਂ ਲਖਵਿੰਦਰ ਸਿੰਘ ਬਾਜਵਾ ਦਾ ਧੰਨਵਾਦੀ ਹਾਂ, ਜਿੰਨਾਂ ਨੇ ਮੇਰੀ ਇਹ ਪੁਸਤਕ ਮਿਹਨਤ ਕਰਕੇ ਛਪਣ ਯੋਗ ਕੀਤੀ ਹੈ। ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਨੂੰ ਜਰੂਰ ਪਸੰਦ ਆਏਗੀ।

ਮੈਨੂੰ ਤੁਹਾਡੇ ਹੁੰਗਾਰੇ ਦੀ ਉਡੀਕ ਰਹੇਗੀ ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਅਗਲੀ ਮੰਜ਼ਲ ਤਹਿ ਕਰ ਸਕਾਂ।

–ਹਰਭਜਨ ਸਿੰਘ 'ਰਾਜਾ'
ਵਾਰਡ ਨੰ:7, ਐਲਨਾਬਾਦ,
ਜ਼ਿਲ੍ਹਾ ਸਿਰਸਾ
ਮੋਬਾ: ਨੰ: 094168-80763

ਸ੍ਰ. ਹਰਭਜਨ ਸਿੰਘ 'ਰਾਜਾ' ਦੀ ਕਾਵਿ ਪੁਸਤਕ ਬਾਰੇ।

ਸ੍ਰ. ਹਰਭਜਨ ਸਿੰਘ ਰਾਜਾ ਨਾਮਧਾਰੀ ਪੰਜਾਬੀ ਸਾਹਿਤ ਸਭਾ ਦਾ ਬਹੁਤ ਪੁਰਾਣਾ ਭਾਈਵਾਲ ਏ। ਮੇਰਾ ਇਹ ਪਹਿਲਾਂ ਵਿਦਿਆਰਥੀ ਵੀ ਰਿਹਾ ਏ, ਇਸ ਕਰਕੇ ਮੈਂ ਇਹਦੇ ਸੁਭਾਅ ਤੋਂ ਕਾਫੀ ਵਾਕਿਫ਼ ਹਾਂ। ਹਰ ਗੱਲ ਨੂੰ ਧਿਆਨ ਨਾਲ ਵੇਖਣਾ ਅਤੇ ਉਸ ਬਾਰੇ ਆਪਣੀ ਰਾਏ ਬੜੇ ਖੁਲਾਸੇ ਪਰ ਨਿਮ੍ਰਤਾ ਸਹਿਤ ਦੇਣੀ ਇਸ ਦੀਆਂ ਚੰਗੀਆਂ ਆਦਤਾਂ ਵਿਚੋਂ ਇਕ ਹੈ। ਇਹਦੀ ਕਵਿਤਾ ਵਿਚ ਵੀ ਹੱਥਲੀ ਪੁਸਤਕ ਵਿਚ ਪਾਠਕ ਏਸ ਚੰਗੀ ਆਦਤ ਦਾ ਅਸਰ ਜ਼ਰੂਰ ਵੇਖਣਗੇ।

ਰਾਜਾ ਇਹਦੇ ਪਿਛਲੇ ਪਿੰਡ ਦਾ ਨਾਂ ਹੈ ਜੋ ਪਾਕਿਸਤਾਨ ਵਿੱਚ ਜ਼ਿਲ੍ਹਾ ਗੁਜਰਾਂਵਾਲੇ ਵਿੱਚ ਸੀ। ਏਸੇ ਕਰਕੇ ਹਰਭਜਨ ਸਿੰਘ ਨੇ ਆਪਣੇ ਨਾਂ ਨਾਲ ਜੋੜ ਕੇ ਆਪਣੇ ਜਨਮ-ਪਿੰਡ ਨੂੰ ਯਾਦ ਰੱਖਿਆ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਵਿਸ਼ਾਲ ਪੰਜਾਬ ਵਿਚ ਗੁਜ਼ਰਾਂ ਵਾਲੇ ਤੇ ਸਿਆਲਕੋਟ ਦੀ ਬੋਲੀ ਨੂੰ ਟਕਸਾਲੀ ਪੰਜਾਬੀ ਮੰਨਿਆ ਜਾਂਦਾ ਸੀ। ਸੋ 'ਰਾਜਾ' ਜੀ ਦੀਆਂ ਰਚਨਾਵਾਂ ਦੀ ਭਾਸ਼ਾ ਵੀ ਓਸ ਟਕਸਾਲੀ ਪੰਜਾਬੀ ਦੇ ਰੰਗ ਵਿਚ ਰੰਗੀ ਹੋਈ ਪਾਠਕ ਜ਼ਰੂਰ ਅਨੁਭਵ ਕਰਨਗੇ।

ਹਰਭਜਨ ਸਿੰਘ ਨੇ ਏਸ ਪੁਸਤਕ ਵਿੱਚ ਸ਼ਾਮਲ ਕੀਤੀਆਂ ਆਪਣੀਆਂ ਰਚਨਾਵਾਂ ਵਿੱਚ ਹਰ ਵਿਸ਼ੇ ਨੂੰ ਬੜਾ ਘੋਖ ਕੇ ਬਿਆਨ ਕੀਤਾ ਹੈ। ਕਈਆਂ ਕਵਿਤਾਵਾਂ ਵਿੱਚ ਤਾਂ ਓਸ ਨੇ ਐਹੋ ਜਹੀਆਂ ਹਕੀਕਤਾਂ ਬਿਆਨ ਕੀਤੀਆਂ ਹਨ ਜਿਹੜੀਆਂ ਇੰਜ ਲਗਦੈ ਓਸ ਨੇ ਆਪ ਉਹਨਾਂ ਗੱਲਾਂ ਤੇ ਸਚਾਈਆਂ ਨੂੰ ਬਹੁਤ ਨੇੜਿਓਂ ਹੋ ਕੇ ਵੇਖਿਆ ਹੋਵੇ। ਲਿਖਤ ਲੰਮੀ ਹੋਣ ਦੇ ਡਰੋਂ ਮੈਂ ਪੂਰਾ ਵਿਸਥਾਰ ਨਾਲ ਉਹਦੀ ਕਾਵਿ ਸ਼ੈਲੀ ਨੂੰ ਬਿਆਨ ਨਹੀਂ ਕਹ ਸਕਿਆ ਪਰ ਇਸ ਪੁਸਤਕ ਦਾ ਖਰੜਾ ਪੜ੍ਹ ਕੇ ਮੈਂ ਆਪ ਅਸ਼ ਅਸ਼ ਕਰ ਉੱਠਿਆ ਹਾਂ। ਉਸ ਦੇ ਜ਼ਿੰਦਗੀ ਦੇ ਤਜਰਬੇ ਉਸਦੀਆਂ ਰਚਨਾਵਾਂ ਵਿੱਚੋਂ ਸਾਫ਼ ਸਾਫ਼ ਨਜ਼ਰ ਆਉਂਦੇ ਹਨ। ਮੈਨੂੰ ਯਕੀਨ ਹੈ ਕਿ ਪਾਠਕ ਵੀ ਮੇਰੇ ਵਾਂਗ ਉਸਦੀ ਕਲਮ ਨੂੰ ਦਾਦ ਦੇਣੋ ਨਹੀਂ ਰਹਿਣਗੇ।"

ਖ਼ੁਸ਼ੀ ਦੀ ਗੱਲ ਇਹ ਵੀ ਹੈ ਕਿ ਹਰਭਜਨ ਸਿੰਘ ਨੇ ਤਕਨੀਕ ਪੱਖੋਂ ਵੀ ਏਸਪੁਸਤਕ ਨੂੰ ਵਿਰਵਿਆਂ ਨਹੀਂ ਰਹਿਣ ਦਿੱਤਾ। ਅੱਜ ਜਦੋਂ ਕਿ ਆਜ਼ਾਦ (ਖੁੱਲ੍ਹੀ) ਕਵਿਤਾ ਛੰਦ-ਬੱਧ ਕਵਿਤਾ ਉੱਤੇ ਹਾਵੀ ਹੋ ਰਹੀ ਹੈ। ਕ੍ਰਿਕਟ ਖੇਡਾ ਜਿਵੇਂ ਸਭ

ਖੇਡਾਂ ਤੇ ਹਾਵੀ ਹੋ ਗਈ ਹੈ। "ਰਾਜਾ" ਨੇ ਛੰਦਾਬੰਦੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਪੂਰੀ ਮਿਹਨਤ ਕਰਕੇ ਪਰੰਪਰਾਗਤ ਕਵਿਤਾ ਦੀ ਸਾਖ ਨੂੰ ਕਾਇਮ ਰੱਖ ਕੇ ਆਪਣੇ ਵਿਸ਼ੇ ਦੀ ਪੂਰਤੀ ਕਰਨ ਦੀ ਭਰਪੂਰ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਇਸ ਮਸਲੇ ਵਿੱਚ ਪੂਰਾ ਉਤਰਿਆ ਹੈ।

ਖੁਲ੍ਹੀ ਕਵਿਤਾ ਤਾਂ ਬੈਠਾ ਬੈਠਾ ਬੰਦਾ ਵਾਰਤਕ ਵਾਂਗ ਹੀ ਲਿਖ ਸਕਦਾ ਏ ਪਰ ਹਰਭਜਨ ਸਿੰਘ ਵਾਂਗ ਏਸ ਪਰੰਪਰਾਗਤ ਸ਼ੈਲੀ ਵਿੱਚ ਲਿਖਣਾਂ ਕਾਫ਼ੀ ਔਖਾ ਹੈ ਜੋ ਬਹੁਤ ਮਿਹਨਤ ਮੰਗਦਾ ਏ। ਜਿਹੜੀ "ਰਾਜਾ" ਨੇ ਕੀਤੀ ਹੈ।

ਅੰਤ ਵਿੱਚ ਹਰਭਜਨ ਸਿੰਘ ਰਾਜਾ ਲਈ ਦੁਆ ਕਰਦਾ ਹਾਂ ਕਿ ਇਹ ਏਸੇ ਤਰ੍ਹਾਂ ਹੀ ਆਪਣੀ ਰਵਾਇਤ ਨੂੰ ਕਾਇਮ ਰਖਦਾ ਹੋਇਆ ਹੋਰ ਰਚਨਾਵਾਂ ਪਾਠਕਾਂ ਨੂੰ ਦੇਂਦਾ ਰਹੇ ਤਾਂ ਕਿ ਪਾਠਕ ਆਪਣੀ ਪੁਰਾਣੀ ਰਵਾਇਤੀ ਸ਼ੈਲੀ ਨੂੰ ਭੁੱਲ ਨਾ ਜਾਣ।

– ਅਮਰੀਕ ਸਿੰਘ

ਤਤਕਰਾ

1. ਉਹ ਕਿੱਧਰ ਗਏ ਦਿਹਾੜੇ 13
2. ਜੀਅ ਕਰਦੈ 15
3. ਹੋਵੇ 16
4. ਪੈਸਾ 17
5. ਪੈਸਾ ਕਮਾਣ ਦਾ ਢੰਗ 18
6. ਜੱਟ ਬਰਾਹਮਣ ਅਤੇ ਮਰਾਸੀ 19
7. ਦਸਕੇ 21
8. ਕਰ ਬਿਨਾ ਵਾਜਾ 23
9. ਬੰਦੇ ਦਾ ਬੁੱਤ ਕਦੇ ਨਾ ਬਣਦਾ 25
10. ਭੈੜੀਆਂ ਚੀਜ਼ਾਂ 26
11. ਗ਼ਮ ਤੇਰੇ ਨੂੰ ਚੂਸਨ ਆਈ 27
12. ਅੱਸੂ ਅਤੇ ਕੱਤਕ 28
13. ਹੋਵੇ 29
14. ਸ਼ੇਅਰ 30
15. ਇੱਕੋ ਹੀ ਭਗਵਾਨ ਹੈ ਸਭ ਦਾ 31
16. ਕੁਦਰਤ ਦੇ ਰੰਗ 32
17. ਅਜੀਬ ਆਦਮੀ 33
18. ਬਾਲਕ ਦੀ ਵਿਥਿਆ 35
19. ਪੁੱਤ ਸੱਪਾਂ ਦੇ 36
20. ਬੋਲਿਆਂ ਦਾ ਟੱਬਰ 37
21. ਵਿਰਲੇ 40
22. ਕੀ ਫਾਇਦਾ 42
23. ਕਿੱਥੇ ਕੋਈ ਖੁਸ਼ ਰਹਿੰਦਾ ਏ 44
24. ਮੇਰੇ ਦੇਸ਼ ਤੇ ਸਦਾ ਬਹਾਰ ਹੋਵੇ 45
25. ਨਹੀਂ ਰੁਕ ਸਕਦੇ 47
26. ਬਹਾਦਰ ਮੁੰਡਾ 49
27. ਚਲਾਕ ਦਰਜੀ ਤੇ ਭੋਲਾ ਜੱਟ 50

28. ਫੁੱਲ ਤੇ ਮਾਲਣ 51
29. ਏਕੇ ਅਮਨ ਮਨੁੱਖਤਾ ਲਈ ਲੜ ਬੀਬਾ 53
30. ਐ ਮੌਕੇ ਦੇ ਰੁਕਨੋ 55
31. ਸ਼ਿਕਵਾ 56
32. ਵਾਰ ਮਹਾਰਾਜਾ ਰਣਜੀਤ ਸਿੰਘ 57
33. ਝੁੱਗੇ ਨਸ਼ਿਆਂ ਨੇ ਚੌੜ ਚਪੱਟ ਕੀਤੇ 58
34. ਤਿੰਨਾਂ ਦੀ ਗਲ 60
35. ਅਮਰਤਾ 61
36. ਮਾਤ੍ਰਾ ਦੀ ਕਵਿਤਾ 62
37. ਨਾਤਾ ਜੋੜਦੇ ਨਾਲ ਸੰਸਾਰ ਪੁੱਤਰ 64
38. ਸ੍ਰੀ ਆਦਿ ਗਰੰਥ 66
39. ਪਟਨੇ ਦੀ ਧਰਤੀ ਨੂੰ ਭਾਗ ਜਾ ਲਗਾਏ ਸੀ 68
40. ਚੌਕ੍ਰੇ 70
41. ਸਮਾਂ 71
42. ਅਕ੍ਰਾਲ ਪੁਰਖ ਦੀ ਉਸਤੱਤ 73
43. ਕਿਰਤੀ 75
44. ਧੌਰੇਤੀ 76
45. ਆਦਤ 77
46. ਭਾਰਤ ਵਰਸ਼ ਦੀ ਧਰਤੀ ਨੂੰ ਪ੍ਰਨਾਮ 78
47. ਬ੍ਰਿਹੋਂ ਰੁੜਕੂ 80
48. ਧਿਆਨ ਵਿੱਚ ਰੱਖਣੇ ਵਾਲੀਆਂ ਗੱਲਾਂ 81
49. ਕੋਈ ਕੋਈ 82
50. ਮੋਤੀ ਤੇਰੇ ਮੁੜਕੇ ਦਾ ਮਹਿੰਗਾ ਏ ਹੀਰੇ ਲਾਲਾਂ ਤੋਂ 83
51. ਵਿਦਿਆ 84
52. ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ 85
53. ਦਾਜ ਦਾ ਰਵਾਜ ਕਾਜ ਬੱਡੇ ਹੀ ਵਗਾੜ ਦਾ 87
54. ਅਮਨ ਏਕਤਾ ਮੰਗੋ ਪੰਜਾਬ ਅੰਦਰ 89
55. ਮੋਗੇ ਦੀ ਕਵਿਤਾ 90
56. ਗਰੀਬ ਤੋਂ ਅਮੀਰ 91
57. ਦਾਜ ਬਾਰੇ 92
58. ਗੁਰੂ ਹਰਗੋਬਿੰਦ ਜੀ 93
59. ਲੋਕੀਂ ਕਰਨ ਗੱਲਾਂ ਤੇਰੇ ਰਾਜ ਦੀਆਂ 94
60. ਵਿਗੜਿਆ ਜ਼ਮਾਨਾ 95

ਉਹ ਕਿੱਧਰ ਗਏ ਦਿਹਾੜੇ

ਉਹ ਚੰਗੇ ਸਨ ਜਾਂ ਮਾੜੇ, ਪਰ ਕਿੱਧਰ ਗਏ ਦਿਹਾੜੇ।
ਸਾਈਕਲ ਤੇ ਧੱਕੇ ਖਾਂਦੇ ਸਾਂ, ਜਾਂ ਤੁਰ ਕੇ ਸਰਸੇ ਜਾਂਦੇ ਸਾਂ।
ਰਸਤੇ ਵਿੱਚ ਪੈਂਚਰ ਹੋ ਜਾਂਦਾ, ਫਿਰ ਰਾਣੀ ਜਾ ਲਗਵਾਂਦੇ ਸਾਂ।
ਦੋ ਦੋ ਤੇ ਤਿੰਨ ਤਿੰਨ ਬਹਿੰਦੇ ਸਾਂ, ਪਏ ਇੱਕ ਦੂਜੇ ਨਾਲ ਖਹਿੰਦੇ ਸਾਂ।
ਨਾ ਪੈਂਡਾ ਛੇਤੀ ਮੁਕਦਾ ਸੀ, ਸਾਹ ਔਖਾ ਔਖਾ ਲੈਂਦੇ ਸਾਂ।
ਰਾਹ ਚਾਰ ਚੁਫੇਰੇ ਕੱਚੇ ਸੀ, ਨਾ ਰਿਕਸ਼ੇ ਤੇ ਨਾ ਯੱਕੇ ਸੀ।
ਰਸਤੇ ਦੇ ਥੱਕੇ ਟੁੱਟੇ ਸਭ, ਸਾਹ ਲੈਂਦੇ ਜਾਕੇ ਚੱਕੇ ਸੀ।
ਜਦ ਲੰਘਨ ਲਗਦੇ ਓਟੂ ਸੀ, ਤਦ ਗਲ ਨੂੰ ਆਉਂਦੇ ਘੋਟੂ ਸੀ।
ਕੋਈ ਕਿਸਮਤ ਵਾਲਾ ਲੰਘ ਜਾਂਦਾ, ਡਿਗ ਜਾਂਦਾ ਛੋਟੂ ਮੋਟੂ ਸੀ।
ਬੱਸ ਔਂਦੀ ਕੱਲੀ ਕਾਰੀ ਸੀ, ਨਾ ਸ਼ੀਸ਼ਾ ਤੇ ਨਾ ਬਾਰੀ ਸੀ।
ਉਹਨੂੰ ਨਾਨੀ ਚੇਤੇ ਆ ਜਾਂਦੀ, ਜੋ ਚੜ੍ਹ ਜਾਂਦੀ ਅਸਵਾਰੀ ਸੀ।
ਬੇਰਾਂ ਸੰਗ ਪੀਲੂਆਂ ਡੇਲੇ ਸੀ, ਨਾ ਖਾਣ ਨੂੰ ਮਿਲਦੇ ਕੇਲੇ ਸੀ।
ਘਰ ਪਕਦੇ ਜੌਂ ਤੇ ਛੋਲੇ ਸੀ, ਤੇ ਰਿਝਦੇ ਕੌੜ ਕਰੇਲੇ ਸੀ।
ਖੁੰਬਾਂ ਤੇ ਕਿੱਤੇ ਖੰਬੂਰਾਂ ਸੀ, ਨਾ ਮਿਲਦੀਆਂ ਕਦੇ ਖਜੂਰਾਂ ਸੀ।
ਦਿਨ ਦੀਵੀਂ ਲੁੱਟਕੇ ਲੈ ਜਾਂਦੇ, ਜੰਗਲ ਚੋਂ ਕਿਧਰੇ ਹੂਰਾਂ ਸੀ।
ਮੱਕੀ ਤੇ ਕਿਧਰੇ ਮੱਕਾ ਸੀ, ਤੇ ਕਣਕ ਦਾ ਵਿਰਲਾ ਡੱਕਾ ਸੀ।
ਛੱਪਰ ਤੇ ਕੱਚੇ ਕੋਠੇ ਸਨ, ਘਰ ਵਿਰਲੇ ਦਾ ਹੀ ਪੱਕਾ ਸੀ।
ਜੰਗਲ ਸਭ ਚਾਰ ਚੁਫੇਰੇ ਸੀ, ਹਿਰਨਾ ਨੇ ਲਾਏ ਡੇਰੇ ਸੀ।
ਨਾ ਰਾਹ ਖੈਹੜਾ ਕੋਈ ਲਭਦਾ ਸੀ, ਜਾਂਦੇ ਵੱਲ ਵੱਲ ਕੇ ਘੇਰੇ ਸੀ।
ਦੀਵੇ ਦੀ ਲੋ ਵਿੱਚ ਪੜ੍ਹਦੇ ਸਾਂ, ਪਏ ਇੱਕੇ ਦੂਜੇ ਸੰਗ ਲੜਦੇ ਸਾਂ।
ਤਕੜੇ ਨੂੰ ਕੋਲ ਬਹਾ ਲੈਂਦੇ, ਮਾੜੇ ਦੇ ਥੱਪੜ ਜੜਦੇ ਸਾਂ।
ਫਲਿਆਂ ਨਾਲ ਕਣਕਾਂ ਗਾਹਦੇ ਸਾਂ, ਤੇ ਧੁੱਪੇ ਢੋਲੇ ਗਾਂਦੇ ਸਾਂ।
ਸਾਰਾ ਦਿਨ ਗਾਹਟਾ ਗਾਹ ਗਾਹ ਕੇ, ਪਏ ਫੇਰ ਵੀ ਮੌਜ ਉਡਾਂਦੇ ਸਾਂ।
ਪੈਸੇ ਦੀ ਕਾਫੀ ਤੰਗੀ ਸੀ, ਨਾ ਮਿਲਦੀ ਚੀਜ਼ ਕੋਈ ਮੰਗੀ ਸੀ।

ਨਾ ਦਿਸਦਾ ਕੋਈ ਅਫੀਮੀ ਸੀ, ਤੇ ਨਾ ਪੋਸਤੀ ਭੰਗੀ ਸੀ।
ਖੂਹ ਟਿੰਡਾਂ ਵਾਲੇ ਲੱਗੇ ਸੀ, ਤੇ ਜੁੜਦੇ ਨਾਹਰੇ ਬੱਗੇ ਸੀ।
ਸਾਰਾ ਦਿਨ ਖੂਹਾ ਵਾਹ ਵਾਹ ਕੇ, ਤਿੰਨ ਚਾਰ ਕਿਆਰੇ ਲਗੇ ਸੀ।
ਅੱਜ ਘਰ ਘਰ ਜੀਪਾਂ ਕਾਰਾਂ ਨੇ, ਸੜਕਾਂ ਤੇ ਲਾਂਦੀਆਂ ਟਾਹਰਾਂ ਨੇ।
ਪਏ ਹੀਰੋ ਹਾਂਡੇ ਚਲਦੇ ਨੇ, ਸੜਕਾਂ ਤੇ ਬੰਨ ਕਤਾਰਾਂ ਨੇ।
ਅੱਜ ਘਰ ਸਭਨਾਂ ਦੇ ਪੱਕੇ ਨੇ, ਤੇ ਕਣਕ ਦੇ ਛੁੱਟੇ ਛੱਕੇ ਨੇ।
ਬਿਜਲੀ ਤੇ ਟਿਊਵੈਲ ਚਲਦੇ ਨੇ, ਪਏ ਭਰਦੇ ਇੱਕੋ ਨੱਕੇ ਨੇ।
ਹਰ ਪਾਸੇ ਸੜਕਾਂ ਪਕੀਆਂ ਨੇ, ਬਿਜਲੀ ਤੇ ਚਲਣ ਚੱਕੀਆਂ ਨੇ।
ਮਾਇਆ ਦਾ ਅੰਤ ਨਾ ਆਉਂਦਾ ਏ, ਫੈਸ਼ਨ ਉਡਾਈਆਂ ਫੱਕੀਆਂ ਨੇ।
ਅੱਜ ਸਾਰੇ ਗਾਉਂਦੇ ਢੋਲੇ ਨੇ, ਕਣਕਾਂ ਦੇ ਭਰੇ ਭੜੋਲੇ ਨੇ।
ਗੱਡੇ ਤੇ ਪਿਛੇ ਰਹਿ ਗਏ ਨੇ ਕਾਰਾਂ ਤੇ ਔਂਦੇ ਡੋਲੇ ਨੇ।
ਅੱਜ ਬਿਜਲੀ ਚਾਰ ਚੁਫੇਰੇ ਹੈ, ਤੇ ਚਾਨਣ ਬਹੁਤ ਵਧੇਰੇ ਹੈ।
ਬਹਿ ਜਾਂਦੇ ਕੱਠੇ ਹੋ ਰਾਜਾ, ਟੀ.ਵੀ. ਨੂੰ ਪਾ ਕੇ ਘੇਰੇ ਹੈ।

ਜੀਅ ਕਰਦੈ

ਹੁੰਦੀ ਹੋਵੇ ਜੇ ਧਰਮ ਦੀ ਗੱਲ ਕਿਧਰੇ, ਉੱਥੋਂ ਕੰਨੀ ਕਤਰਾਣ ਨੂੰ ਜੀ ਕਰਦੈ।
ਆਈ ਹੋਵੇ ਜੇ ਨੱਚਣ ਤੇ ਗੌਣ ਵਾਲੀ, ਉੱਥੇ ਭੱਜਕੇ ਜਾਣ ਨੂੰ ਜੀ ਕਰਦੈ।
ਕਿੰਨੀ ਰੱਜਕੇ ਖਾਧੀ ਮਠਿਆਈ ਹੋਵੇ, ਭੁਜੀਆ ਫੇਰ ਵੀ ਖਾਣ ਨੂੰ ਜੀ ਕਰਦੈ।
ਮੂੰਹ ਮੋੜਕੇ ਆਬੇ ਹਯਾਤ ਵਲੋਂ, ਸੁਰਾ ਪਾਨ ਮੂੰਹ ਲਾਣ ਨੂੰ ਜੀ ਕਰਦੈ।
ਤਪਦੀ ਜੇਠ ਤੇ ਹਾੜ ਦੀ ਧੁੱਪ ਅੰਦਰ, ਠੰਢੇ ਪਾਣੀ ਨਹਾਣ ਨੂੰ ਜੀ ਕਰਦੈ।
ਪਾਲੇ ਨਾਲ ਭਾਵੇ ਦੰਦ ਪਏ ਵੱਜਣ, ਮਲ ਮਲ ਹੰਡਾਣ ਨੂੰ ਜੀ ਕਰਦੈ।
ਦਾਰੂ ਪੀ ਜੋ ਗਲੀਆਂ ਵਿੱਚ ਫਿਰੇ ਭੌਂਦਾ, ਉਹਦਾ ਜੁੱਤੀਆਂ ਖਾਣ ਨੂੰ ਜੀ ਕਰਦੈ।
ਤਕੜੇ ਆਦਮੀ ਨੂੰ ਹਰ ਕੋਈ ਜੀ ਆਖੇ, ਮਾੜੇ ਤਾਂਈ ਦਬਾਨ ਨੂੰ ਜੀ ਕਰਦੈ।
ਦੂਜੇ ਆਦਮੀ ਦੀ ਵੱਧੀ ਵੇਖ ਗੋਗੜ, ਆਪਣਾ ਢਿੱਡ ਵਧਾਣ ਨੂੰ ਜੀ ਕਰਦੈ।
ਗੰਜੀ ਸਿਰੋਂ ਭਾਵੇਂ ਅੱਖੋਂ ਹੋਏ ਕਾਣੀ, ਕੱਜਲ ਉਹਦਾ ਵੀ ਪਾਣ ਨੂੰ ਜੀ ਕਰਦੈ।
ਜੇਕਰ ਦਾਹੜੀ ਦੇ ਵਾਲ ਹੋ ਜਾਣ ਚਿੱਟੇ, ਫੇਰ ਕੱਲਫ ਲਗਾਣ ਨੂੰ ਜੀ ਕਰਦੈ।
ਕਲਫ ਲਾ ਕੇ ਮਨ ਵੀ ਰੀਝਦਾ ਨਹੀਂ, ਫੇਰ ਫਿਕਸੋ ਲਗਾਣ ਨੂੰ ਜੀ ਕਰਦੈ।
ਮੰਮੀ ਡੈਡੀ ਕਲੱਬਾਂ ਦੇ ਵਿੱਚ ਜਾਂਦੇ, ਧੀਆਂ ਪੁੱਤਾਂ ਦਾ ਜਾਣ ਨੂੰ ਜੀ ਕਰਦੈ।
ਵੱਢੀ ਖਾਂਦਿਆਂ ਵੇਖ ਕੇ ਅਫਸਰਾਂ ਨੂੰ, ਵੱਢੀ ਮੁਨਸ਼ੀ ਦਾ ਖਾਣ ਨੂੰ ਜੀ ਕਰਦੈ।
ਪਏ ਕਿਸੇ ਦੇ ਵੇਖਕੇ ਮੰਦਰਾਂ ਨੂੰ, ਕੁੱਲੀ ਆਪਣੀ ਢਾਹਣ ਨੂੰ ਜੀ ਕਰਦੈ।
ਲਾਲ ਵੇਖ ਗਵਾਂਢੀ ਦੇ ਮੂੰਹ ਤਾਂਈ, ਆਪਣਾ ਲਾਲ ਬਣਾਨ ਨੂੰ ਜੀ ਕਰਦੈ।
ਖਾਂਦਾ ਕਿਸੇ ਨੂੰ ਵੇਖਕੇ ਦਹੀਂ ਭੱਲੇ, ਸੁੱਕੀ ਰੋਟੀ ਵਗ੍ਹਾਣ ਨੂੰ ਜੀ ਕਰਦੈ।
ਢਿੱਡ ਵਿੱਚ ਜੇ ਨੱਚਦੀ ਭੁੱਖ ਹੋਵੇ, ਸੁੱਕੇ ਮੰਡੇ ਵੀ ਖਾਣ ਨੂੰ ਜੀ ਕਰਦੈ।
ਪੈਸੇ ਜੇਬ ਦੇ ਵਿੱਚ ਨਾ ਹੋਣ ਭਾਵੇਂ, ਚਿੱਟੇ ਕੱਪੜੇ ਪਾਣ ਨੂੰ ਜੀ ਕਰਦੈ।
ਸੌੜੇ ਪਹੁੰਚਿਆਂ ਨਾਲ ਨਹੀ ਟੌਹਰ ਬਣਦਾ, ਕੋਟ ਪੈਂਟ ਵੀ ਪਾਣ ਨੂੰ ਜੀ ਕਰਦੈ।
ਮੱਚਦੀ ਵੇਖ ਲੜਾਈ ਘਰ ਦੂਸਰੇ ਦੇ, ਤੇਲ ਬਲਦੀ ਤੇ ਪਾਣ ਨੂੰ ਜੀ ਕਰਦੈ।
ਭਜਦੇ ਕਿਸੇ ਦੇ ਵੇਖ ਟਰੈਕਟਰਾਂ ਨੂੰ, ਰਾਜਾ ਗੱਡਾ ਭਜਾਣ ਨੂੰ ਜੀ ਕਰਦੈ।

ਹੋਵੇ

ਓਸ ਨਾਰ ਨੂੰ ਕੋਈ ਨਾ ਮਾਂ ਆਖੇ, ਗੋਦੀ ਜਿਸਦੀ ਵਿੱਚ ਨਾ ਬਾਲ ਹੋਵੇ।
ਓਸ ਖੇਤ ਨੂੰ ਪਾਣੀ ਨਹੀ ਲੱਗ ਸਕਦਾ, ਉੱਚਾ ਨੀਵਾਂ ਤੇ ਨਾ ਕੋਈ ਖਾਲ ਹੋਵੇ।
ਓਸ ਜੱਟ ਨੇ ਬੋਹਲ ਕੀ ਚੁਕਣਾ ਏ, ਬੀਜੀ ਜਿਸ ਨੇ ਖੇਤ ਵਿੱਚ ਦਾਲ ਹੋਵੇ।
ਓਸ ਘੋੜੇ ਨੂੰ ਕਿਸੇ ਖਰੀਦਣਾ ਕੀ, ਜਿਹੜਾ ਚਲਦਾ ਨਾ ਕੋਈ ਚਾਲ ਹੋਵੇ।
ਓਸ ਬਾਣੀਏ ਤੋਲਣਾਂ ਵੇਚਣਾਂ ਕੀ, ਹੱਟੀ ਜਿਸਦੀ ਵਿੱਚ ਨਾ ਮਾਲ ਹੋਵੇ।
ਓਸ ਸੂਰਮੇ ਜੰਗ ਨੂੰ ਜਿੱਤਣਾਂ ਕੀ, ਜਿਸਦੇ ਪਾਸ ਨਾ ਤੇਗ ਤੇ ਢਾਲ ਹੋਵੇ।
ਓਸ ਕਵੀ ਸਟੇਜ਼ ਤੇ ਬੋਲਣਾ ਕੀ, ਜਿਸਦੇ ਕੋਲ ਨਾ ਨਜ਼ਮ ਤਿਆਰ ਹੋਵੇ।
ਓਸ ਵੈਦ ਨੇ ਰੋਗ ਨੂੰ ਲੱਭਣਾਂ ਕੀ, ਜਿਹੜਾ ਆਪ ਹੀ ਪਿਆ ਬਿਮਾਰ ਹੋਵੇ।
ਨੀਂਦ ਸੁੱਖ ਦੀ ਉਹ ਨਹੀ ਸੌਂ ਸਕਦਾ, ਸਾਰੇ ਪਿੰਡ ਵਿਚ ਜਿਸਦੀ ਖਾਰ ਹੋਵੇ।
ਓਸ ਆਦਮੀ ਕਿਸੇ ਨੂੰ ਦੇਵਣਾ ਕੀ, ਜਿਹੜਾ ਆਪ ਹੋਇਆ ਕਰਜ਼ਦਾਰ ਹੋਵੇ।
ਓਸ ਕਿਸੇ ਨੂੰ ਪਾਰ ਲਗਾਵਣਾ ਕੀ, ਡੁੱਬਦਾ ਆਪ ਜਿਹੜਾ ਮੰਝਧਾਰ ਹੋਵੇ।
ਓਸ ਰੱਸ ਮਠਿਆਈ ਦਾ ਦਸਣਾਂ ਕੀ, ਖਾਧਾ ਜਿਸਨੇ ਖੱਟਾ ਆਚਾਰ ਹੋਵੇ।
ਓਸ ਰਾਜੇ ਨੇ ਰਾਜ ਕਮਾਵਣਾਂ ਕੀ, ਜਿਸਦਾ ਕੋਈ ਨਾ ਤਾਬਿਆ ਦਾਰ ਹੋਵੇ।
'ਰਾਜਾ' ਉਸ ਇਨਸਾਨ ਦੀ ਜਿੰਦਗੀ ਕੀ, ਜਿਸਦੀ ਆਗਿਆਕਾਰ ਨਾ ਨਾਰ ਹੋਵੇ।

ਪੈਸਾ

ਪੈਸੇ ਤੋਂ ਬਗੈਰ ਕੋਈ ਚੱਲੇ ਨਾ ਵਿਹਾਰ ਕਾਰ,
ਪੈਸੇ ਦਾ ਹੀ ਹਰ ਪਾਸੇ ਪਸਰਿਆ ਪਸਾਰਾ ਏ।
ਪੈਸੇ ਨਾਲ ਬਣ ਜਾਵੇ ਪਰਸੂ ਤੋਂ ਪਰਸ ਰਾਮ,
ਪੈਸੇ ਨਾਲ ਹਰ ਇੱਕ ਬੰਦੇ ਦਾ ਗੁਜ਼ਾਰਾ ਏ।
ਪੈਸੇ ਨਾਲ ਦੇਸ ਪਰਦੇਸ ਵਿੱਚ ਮਾਨ ਹੋਵੇ,
ਪੈਸੇ ਬਿਨਾ ਜਾਏ ਬੰਦਾ ਬੱਸ ਤੋਂ ਉਤਾਰਾ ਏ।
ਪੈਸੇ ਨਾਲ ਚੱਕਰ ਵਦੇਸ਼ਾਂ ਦੇ ਲਗਾਏ ਬੰਦਾ,
ਪੈਸੇ ਨਾਲ ਬੰਦਾ ਹੋਵੇ ਸੁਕਿਆ ਵੀ ਭਾਰਾ ਏ।
ਪੈਸੇ ਤੋਂ ਬਗੈਰ ਕੋਈ ਅਫਸਰ ਨਾ ਗੱਲ ਕਰੇ,
ਪੈਸੇ ਤੋਂ ਬਗੈਰ ਕੋਈ ਚਲਦਾ ਨਾ ਚਾਰਾ ਏ।
ਪੈਸੇ ਤੋਂ ਬਗੈਰ ਨਾ ਕੋਈ ਵਸਤੂ ਖਰੀਦ ਸਕੇ,
ਪੈਸੇ ਤੋਂ ਬਗੈਰ ਨਾ ਹੀ ਵੱਜਦਾ ਨਗਾਰਾ ਏ।
ਪੈਸੇ ਤੋਂ ਬਗੈਰ ਭਾਈ ਭੈਣ ਨੂੰ ਵਸਾਰ ਛੱਡੇ,
ਪੈਸੇ ਤੋਂ ਬਗੈਰ ਬੰਦਾ ਬੰਦੇ ਤਾਂਈ ਖਾਰਾ ਏ।
ਪੈਸੇ ਤੋਂ ਬਗੈਰ ਕਦੇ ਸ਼ੁੱਧ ਨਾ ਵਿਹਾਰ ਹੋਵੇ,
ਪੈਸੇ ਤੋਂ ਬਗੈਰ ਕਦੇ ਚੱਲੇ ਨਾ ਫੁਹਾਰਾ ਏ।
ਪੈਸੇ ਤੋਂ ਬਗੈਰ ਬੈਠੇ ਕੋਠੀਆਂ ਨਾ ਕਾਰਾਂ ਵਿੱਚ,
ਪੈਸੇ ਤੋਂ ਬਗੈਰ ਕਦੇ ਪੈਂਦਾ ਨਾ ਚੁਬਾਰਾ ਏ।
ਪੈਸੇ ਤੋਂ ਬਗੈਰ ਰਾਜਾ ਖੀਰਾਂ ਪੂੜੇ ਪੱਕਦੇ ਨਾ,
ਪੈਸੇ ਤੋਂ ਬਗੈਰ ਨਾ ਕੋਈ ਚਲਦਾ ਭੰਡਾਰਾ ਏ।

ਪੈਸਾ ਕਮਾਣ ਦੇ ਢੰਗ

ਪੈਸਾ ਪੈਸੇ ਦੇ ਤਾਈਂ ਕਮਾਏ ਭਾਂਵੇ, ਸਿਰ ਫੇਰਕੇ ਡਾਕਟਰ ਕਮਾਏ ਪੈਸਾ।
ਹੈਨ ਪੈਸਾ ਕਮਾਣ ਦੇ ਢੰਗ ਬਹੁਤੇ, ਕਵੀ ਕਲਮ ਦੇ ਨਾਲ ਕਮਾਏ ਪੈਸਾ।
ਕਿਲੋ ਵੱਟੀ ਪੰਨਸੇਰੀ ਜਾਂ ਮਣ ਤੋਲੇ, ਬਾਣੀਆਂ ਨਾਲ ਜ਼ੁਬਾਨ ਕਮਾਏ ਪੈਸਾ।
ਕੋਈ ਕਿਤਨਾ ਹੀ ਬੁਧੀਵਾਨ ਹੋਵੇ, ਪੜਦਾ ਬੁੱਧ ਉੱਤੇ ਆਕੇ ਪਾਏ ਪੈਸਾ।
ਪੈਸੇ ਬਿਨਾ ਨਾ ਸੌਰਦਾ ਕੰਮ ਕੋਈ, ਗੁੱਡੀ ਵਿੱਚ ਆਕਾਸ਼ ਚੜ੍ਹਾਏ ਪੈਸਾ।
ਪੈਸਾ ਪੈਸਾ ਪਈ ਕੂਕਦੀ ਕੁੱਲ ਦੁਨੀਆਂ, ਜੂਆ ਖੇਡਕੇ ਕੋਈ ਕਮਾਏ ਪੈਸਾ।
ਹੋਵੇ ਹਾੜ ਸਿਆਲ ਹੁਨਾਲ ਭਾਵੇਂ, ਧਰਤੀ ਫੋਲ ਕਿਸਾਨ ਕਮਾਏ ਪੈਸਾ।
ਪੈਸਾ ਪਰਸੂ ਤਾਈ ਪਰਸਰਾਮ ਕਰਦੈ, ਹੇਰਾ ਫੇਰੀ ਨਾਲ ਕੋਈ ਕਮਾਏ ਪੈਸਾ।
ਪੈਸੇ ਬਿਨਾ ਵਿਹਾਰ ਨਾ ਕੋਈ ਚਲੇ, ਮਾਨ ਦੇਸ਼ ਪ੍ਰਦੇਸ ਕਰਾਏ ਪੈਸਾ।
ਸਭ ਨੂੰ ਪਤਾ ਹੈ ਪੈਸਾ ਨਹੀ ਸਾਥ ਜਾਣਾ, ਵੱਢੀ ਲੈਕੇ ਫਿਰ ਵੀ ਕਮਾਏ ਪੈਸਾ।
ਸਭ ਨੂੰ ਪਤਾ ਹੈ ਕਿ ਮਾਇਆ ਨਾਗਨੀ ਏ, ਠੱਗੀ ਮਾਰਕੇ ਫੇਰ ਬਣਾਏ ਪੈਸਾ।
ਪੈਸਾ ਪੈਸਾ ਏ ਪੈਸੇ ਨਾਲ ਟੌਹਰ ਬਣਦਾ, ਰੋਂਦੇ ਹੋਏ ਨੂੰ ਰਾਜਾ ਹਸਾਏ ਪੈਸਾ।

ਜੱਟ ਬਰਾਹਮਣ ਅਤੇ ਮਰਾਸੀ

ਜੱਟ ਬਰਾਹਮਣ ਅਤੇ ਮਰਾਸੀ, ਤਿੰਨਾ ਮਤਾ ਪਕਾਇਆ।
ਇੱਕ ਪਿੰਡ ਦੇ ਵਾਸੀ ਤਿੰਨੇ, ਕੁਦਰਤ ਮੇਲ ਮਿਲਾਇਆ।
ਤਿੰਨੇ ਤੁਰੇ ਵਪਾਰ ਕਰਨ ਲਈ, ਰੈ ਨਾਲ ਰੈ ਮਿਲਾ ਕੇ।
ਰਸਤੇ ਦੇ ਵਿੱਚ ਜਿਵੇਂ ਵਾਪਰੀ, ਆਖਾਂ ਕੁੱਲ ਸੁਣਾਕੇ।
ਤੁਰੇ ਜਾਂਦਿਆਂ ਰਸਤੇ ਦੇ ਵਿੱਚ, ਰਾਤ ਉਹਨਾਂ ਨੂੰ ਆਈ।
ਖੀਰ ਬਣਾਈ ਤਿੰਨਾਂ ਰਲਕੇ, ਬਾਮ੍ਹਣ ਵਿਉਂਤ ਦੁੜਾਈ।
ਸਾਡੇ ਤਿੰਨਾ ਵਿਚੋਂ ਨਾ ਕੋਈ, ਹੁਣੇ ਖੀਰ ਨੂੰ ਖਾਵੇ।
ਜਿਸਨੂੰ ਆਵੇ ਚੰਗਾ ਸੁਪਨਾ, ਉਹ ਖੀਰ ਵਰਤਾਵੇ।
ਬ੍ਰਾਮਣ ਅਤੇ ਮਰਾਸੀ ਨੇ ਸੀ, ਆਪਣੇ ਚਿਤ ਖਿਆਲੀ।
ਖੀਰ ਨੂੰ ਆਪਾਂ ਦੋਵੇ ਖਾਈਏ, ਜੱਟ ਨੂੰ ਰੱਖੀਏ ਖਾਲੀ।
ਰੱਖਣ ਦੇ ਲਈ ਖੀਰ ਦੁਹਾਂ ਨੇ, ਜੱਟ ਨੂੰ ਆਖ ਸੁਣਾਇਆ।
ਕੀਤੀ ਹਾਂ ਜੱਟ ਨੇ ਐਪਰ, ਜੀ ਉਸ ਦਾ ਲਲਚਾਇਆ।
ਜੱਟ ਦੋਹਾਂ ਦੀ ਨੀਅਤ ਤਾਂਈ, ਦਿਲ ਆਪਣੇ ਵਿੱਚ ਤਾੜੇ।
ਵੇਖੋ ਇਹਨਾਂ ਦੋਹਾਂ ਦੇ ਅਜ, ਦਿਨ ਆ ਗਏ ਨੇ ਮਾੜੇ।
ਬ੍ਰਾਹਮਣ ਅਤੇ ਮਰਾਸੀ ਸੌਂ ਗਏ, ਜੱਟ ਨੇ ਸੋਚ ਦੁੜਾਈ।
ਕੋਲ ਪਤੀਲੇ ਜਾਕੇ ਉਸਨੇ, ਸਾਰੀ ਖੀਰ ਮੁਕਾਈ।
ਖੀਰ ਮੁੱਕਾ ਕੇ ਜੱਟ ਸੌਂ ਗਿਆ, ਲੱਗਾ ਛੱਡਨ ਘੁਰਾੜੇ।
ਬ੍ਰਹਾਮਣ ਅਤੇ ਮਰਾਸੀ ਦੋਵੇਂ, ਤਿੱਖੇ ਕਰਨ ਜਬਾੜੇ।
ਉਠ ਦੋਹਾਂ ਨੇ ਸੁਭਾ ਸਵੇਰੇ, ਵਾਜ ਜੱਟ ਨੂੰ ਮਾਰੀ।
ਉਠ ਜੱਟਾ ਹੁੱਣ ਸੁਪਨੇ ਆਪਣੇ, ਦਸੀਏ ਵਾਰੋ ਵਾਰੀ।
ਬ੍ਰਾਹਮਣ ਆਖੇ ਮੈਂ ਤੇ ਰਾਤੀਂ, ਹਰ ਦੁਆਰ ਵਿੱਚ ਜਾਕੇ।
ਰਾਮ ਚੰਦਰ ਤੇ ਕ੍ਰਿਸ਼ਨ ਦੀ ਲੀਲਾ, ਤੱਕੀ ਸੀ ਮਨ ਲਾਕੇ।
ਕਿਹਾ ਮਰਾਸੀ ਮੈਂ ਤੇ ਰਾਤੀਂ, ਹੱਜ ਮੱਕੇ ਦਾ ਕੀਤਾ।
ਹਜਰਤ ਅਲੀ ਦੇ ਕੋਲੋਂ ਜਾਕੇ, ਘੁੱਟ ਜਾਮ ਦਾ ਪੀਤਾ।
ਜੱਟ ਆਖਿਆ ਮੈਨੂੰ ਨਹੀਂ ਜੇ, ਚੰਗਾ ਸੁਪਨਾ ਆਇਆ।
ਸੁਪਨੇ ਦੇ ਵਿੱਚ ਆ ਕੇ ਮੈਨੂੰ, ਦਿਉ ਨੇ ਬੜਾ ਡਰਾਇਆ।

ਚੰਗੀ ਤਰਾਂ ਜਗਾ ਕੇ ਉਸਨੇ, ਆਖ ਸੁਣਾਇਆ ਮੈਨੂੰ।
ਜੇ ਤੂੰ ਜੱਟਾ ਖੀਰ ਨਾਂ ਖਾਧੀ, ਮਾਰ ਮੁਕਾਊਂ ਤੈਨੂੰ।
ਖੀਰ ਮੁਕਾਕੇ ਉਸਦੇ ਕੋਲੋਂ, ਮਸਾਂ ਮੈਂ ਜਿੰਦ ਛੁਡਾਈ।
ਸੱਚੋ ਸੱਚ ਮੈਂ 'ਆਖ ਸੁਨਾਇਆ, ਝੂਠ ਨਾ ਇਸ ਵਿੱਚ ਕਾਈ।
ਖਾਲੀ ਵੇਖ ਪਤੀਲਾ ਹੈਸੀ, ਰੰਗ ਦੋਹਾਂ ਦੇ ਉੱਡੇ।
ਦਿੱਸੀ ਨਾ ਜਦ ਖੀਰ ਉਹਨਾਂ, ਨੂੰ ਜਾ ਬੈਠੇ ਇੱਕ ਖੁੱਡੇ।
ਆਖਣ ਲਗੇ ਵਾਹ ਉਏ ਜੱਟਾ, ਕੀਤੀ ਬੜੀ ਚਲਾਕੀ।
ਇਹੋ ਜਹੀ ਜੇ ਗਲ ਸੀ ਹੋਈ, ਸਾਨੂੰ ਕਿਉਂ ਨਾ ਆਖੀ।
'ਰਾਜਾ' ਕਿਹਾ ਜੱਟ ਨੇ ਅੱਗੋਂ ਕਿਸ ਨੂੰ ਜਾ ਜਗਾਂਦਾ।
ਤੁਸੀਂ ਸੌ ਹਰਦੁਆਰ ਤੇ ਮੱਕੇ ਏਥੇ ਕਿਹੜਾ ਆਂਦਾ।

ਦਸਕੇ

ਸੁੱਖ ਦੁੱਖ ਨਹੀ ਦਸਕੇ ਕਦੇ ਮਿਲਦੇ,
ਨਹੀ ਮੌਤ ਔਂਦੀ ਥਿੱਤ ਵਾਰ ਦੱਸਕੇ।
ਭਾਵੇਂ ਰੱਜਿਆ ਤੇ ਭਾਵੇਂ ਹੋਏ ਭੁੱਖਾ,
ਔਂਦਾ ਨਹੀਂ ਜੇ ਕਦੇ ਡਕਾਰ ਦੱਸਕੇ।
ਰੱਬ ਸਦਾ ਪ੍ਰੇਮ ਦੇ ਵੱਸ ਹੋਵੇ,
ਵੱਸ ਹੁੰਦਾ ਨਹੀਂ ਜੱਟ ਘੁਮਿਆਰ ਦੱਸਕੇ।
ਮੁਕਤੀ ਤਾਂ ਮਿਲਦੀ ਚੰਗੇ ਕਰਮ ਕਰੀਏ,
ਮੁਕਤੀ ਮਿਲਦੀ ਨਹੀਂ ਬ੍ਰਾਮਣ ਚਮਿਆਰ ਦੱਸਕੇ।
ਕਿਉਂ ਨਾ ਸੈਂਕੜੇ ਕੋਹਾਂ ਦਾ ਪੰਧ ਹੋਵੇ,
ਪ੍ਰੇਮੀ ਪਾਂਦੇ ਨਹੀ ਪ੍ਰੇਮ ਦੀ ਤਾਰ ਦੱਸਕੇ।
ਪ੍ਰੇਮੀ ਕਿਸੇ ਦੇ ਰੋਕਿਆਂ ਨਹੀਂ ਰੁਕਦੇ,
ਅਤੇ ਨਹੀਂ ਜਾਂਦੇ ਪਰਲੇ ਪਾਰ ਦੱਸਕੇ।
ਕੋਈ ਕਿੰਨੀਆਂ ਹੀ ਜਿੱਤਾਂ ਜਿੱਤਦਾ ਰਹੇ,
ਔਂਦੀ ਨਹੀ ਉਸਨੂੰ ਕਦੀ ਹਾਰ ਦੱਸਕੇ।
ਬੰਦਾ ਕਿੰਨਾ ਹੀ ਸੁਘੜ ਸੁਚੇਤ ਹੋਵੇ,
ਪੱਲੇ ਪੈਂਦੀ ਨਹੀਂ ਚੰਦਰੀ ਨਾਰ ਦੱਸਕੇ।
ਗੂਹੜਾ ਕਿੰਨਾ ਹੀ ਕਿਸੇ ਦਾ ਪਿਆਰ ਹੋਵੇ,
ਪੈਣ ਲਗਿਆ ਪੈਂਦੀ ਨਹੀਂ ਖਾਰ ਦੱਸਕੇ।
ਭਾਵੇ ਕਿੰਨਾ ਹੀ ਕੋਈ ਤੰਦਰੁਸਤ ਹੋਵੇ,
ਹੋਂਦਾ ਕਦੇ ਨਹੀਂ ਸਖਤ ਬੀਮਾਰ ਦੱਸਕੇ।
ਦਿਲੋਂ ਵੈਰੀ ਨੂੰ ਕਦੇ ਵਸਾਰੀਏ ਨਾ,
ਵੈਰੀ ਨਹੀਂ ਕਰਦਾ ਕਦੀ ਵਾਰ ਦੱਸਕੇ।
ਪੈਣ ਲਗਿਆਂ ਪਤਾ ਨਾ ਲਗਦਾ ਏ,
ਪੈਂਦਾ ਨਹੀ ਜੇ ਗੂਹੜਾ ਪਿਆਰ ਦੱਸਕੇ।
ਸੁੱਖ ਵਿੱਚ ਭਾਵੇਂ ਉਮਰ ਬੀਤ ਜਾਵੇ,
ਪੈਂਦਾ ਨਹੀ ਮੁਸੀਬਤ ਦਾ ਭਾਰ ਦੱਸਕੇ।

ਜਦੋਂ ਸਿਰ ਉੱਤੇ ਵੈਰੀ ਆਣ ਪਹੁੰਚੇ,
ਸੂਰਾ ਚੁੱਕਦਾ ਨਹੀਂ ਤਲਵਾਰ ਦੱਸਕੇ।
ਘੋੜਾ ਅੱਥਰਾ ਕਿੰਨਾ ਚਲਾਕ ਹੋਵੇ,
ਚੜ੍ਹਦਾ ਓਸ ਤੇ ਨਹੀਂ ਅਸਵਾਰ ਦੱਸਕੇ।
ਸਾਵਨ ਭਾਦਰੋਂ ਦੇ ਜਦੋਂ ਦਿਨ ਹੋਵਨ,
ਬਾਰਸ਼ ਨਹੀਂ ਪੈਂਦੀ ਮੋਹਲੇਧਾਰ ਦੱਸਕੇ।
ਸੱਕੀ ਮਾਂ ਦਾ ਹੀ ਭਾਵੇਂ ਹਾਰ ਹੋਵੇ,
ਖੋਟ ਪਾਂਦਾ ਨਹੀਂ ਕਦੇ ਸੁਨਿਆਰ ਦੱਸਕੇ।
ਔਣ ਲਗੀ ਗਰੀਬੀ ਨਾ ਦਸਦੀ ਏ,
ਪੈਂਦੇ ਨਹੀਂ ਜੇ ਨੋਟਾਂ ਦੇ ਹਾਰ ਦੱਸਕੇ।
ਤੱੜੀ ਲੋ ਨਾ ਦਸਕੇ ਵੱਗਦੀ ਏ,
ਹਵਾ ਵਗਦੀ ਨਹੀ ਠੰਢੀ ਠਾਰ ਦੱਸਕੇ।
ਭਾਈ ਭਾਈ ਏ ਭਾਈ ਤੋਂ ਵੱਧ ਮਿੱਤਰ,
ਮਿੱਤਰ ਕਰਦੇ ਨਹੀਂ ਕਦੇ ਉਪਕਾਰ ਦੱਸਕੇ।
ਚੋਲਾ ਕਿੰਨਾ ਸੰਭਾਲ ਕੇ ਰਖੀਏ ਪਏ,
ਔਂਦਾ ਨਹੀਂ ਜੇ ਕਦੀ ਲੰਗਾਰ ਦੱਸਕੇ।
ਰੱਬ ਮਾੜਿਆਂ ਤਾਂਈ ਵੀ ਮਾਨ ਦੇਵੇ,
ਮਾਨ ਦੇਂਦਾ ਨਹੀਂ ਉੱਚ ਮਿਆਰ ਦੱਸਕੇ।
ਆਪਣੀ ਮਰਜ਼ੀ ਦੇ ਨਾਲ ਹੀ ਬਖਸ਼ਦਾ ਏ,
ਕਦੇ ਬਖਸ਼ਦਾ ਨਹੀਂ ਬਖਸ਼ਨਹਾਰ ਦੱਸਕੇ।
ਦਿਲ ਦਿਤਿਆਂ ਬਾਝ ਨਹੀਂ ਦਿਲ ਮਿਲਦੇ,
ਦਿਲ ਦੇਂਦਾ ਨਹੀਂ ਰਾਜਾ ਦਿਲਦਾਰ ਦੱਸਕੇ।

ਕਰ ਬਿਨਾ ਵਾਜਾ

ਕਰ ਬਿਨਾ ਵਾਜਾ ਤੇ ਨਾ ਪੈਰ ਬਿਨਾ ਤਾਲ ਬਣੇ,
ਸੁਰ ਤੋਂ ਬਗੈਰ ਨਾ ਸਵਾਦ ਆਵੇ ਗੌਣ ਦਾ।
ਪ੍ਰੀਤ ਤੋਂ ਬਗੈਰ ਜੈਸੇ ਵੱਧ ਨਾ ਸੁਨੇਹ ਯਾਰੋ,
ਨੀਂਦ ਤੋਂ ਬਗੈਰ ਨਾ ਸਵਾਦ ਆਵੇ ਸੌਣ ਦਾ।
ਠੰਢੇ ਤੱਤੇ ਪਾਣੀ ਨਾਲ ਨਾਈਏ ਭਾਵੇਂ ਕਈ ਵਾਰੀ,
ਖੁੱਲ੍ਹੇ ਪਾਣੀ ਬਿਨਾ ਨਾ ਸਵਾਦ ਆਵੇ ਨੌਣ੍ਹ ਦਾ।
ਜਿਸ ਘਰ ਵਿੱਚ ਨਾ ਸਲੂਕ ਹੋਵੇ ਕਹੇ ਰਾਜਾ,
ਉਸ ਘਰ ਵਿੱਚ ਨਾ ਸਵਾਦ ਹੈ ਜਿਓਣ ਦਾ।

ਰੱਜੇ ਤਾਂਈ ਖਾਣ ਦਾ ਨਜ਼ਾਰਾ ਕਦੇ ਆਂਵਦਾ ਨਾ,
ਭੁੱਖ ਤੋਂ ਬਗੈਰ ਨਾ ਸਵਾਦ ਆਵੇ ਖਾਣ ਦਾ।
ਚਾਨਣੀ ਬਗੈਰ ਜੈਸੇ ਚੰਨ ਦੀ ਨਾ ਸੋਭਾ ਬਣੇ,
ਰੌਸ਼ਨੀ ਬਗੈਰ ਨਾ ਸਵਾਦ ਆਵੇ ਭਾਨ ਦਾ।
ਦਾਨ ਕੀਤੇ ਧਨ ਵੱਧੇ ਕਹਿੰਦੇ ਨੇ ਸਿਆਣੇ ਜਨ,
ਮਾਇਆ ਤੋਂ ਬਗੈਰ ਨਾ ਸਵਾਦ ਆਵੇ ਦਾਨ ਦਾ।
ਸਾਰੇ ਸੰਸਾਰ ਵਿੱਚ ਰੱਸ ਭਾਂਤ ਭਾਂਤ ਦੇ ਨੇ,
ਮਿਠਤ ਬਗੈਰ ਰਾਜਾ ਮਜ਼ਾ ਨਾ ਜ਼ੁਬਾਨ ਦਾ।

ਰੋਗਾਂ ਵਿੱਚੋਂ ਰੋਗ ਵੱਡਾ ਬ੍ਰਿਹੋ ਦਾ ਰੋਗ ਕਹਿੰਦੇ,
ਚਸਕਿਆਂ ਚੋਂ ਚਸਕਾ ਵੀ ਵੱਡਾ ਹੈ ਜ਼ੁਬਾਨ ਦਾ।
ਧਾਤਾਂ ਵਿੱਚੋਂ ਧਾਤ ਵੱਡੀ ਜਿਸ ਤਰ੍ਹਾਂ ਸੁਵਰਨ ਦੀ ਏ,
ਬਾਣਾਂ ਵਿੱਚੋਂ ਬਾਣ ਵੱਡਾ ਨੈਣਾਂ ਦੀ ਕਮਾਨ ਦਾ।
ਲੋਹੇ ਵਿੱਚੋਂ ਵੱਡਾ ਲੋਹਾ ਜਿਸ ਤਰ੍ਹਾਂ ਫੌਲਾਦ ਹੈ ਜੀ,
ਦਾਨਾ ਵਿੱਚੋਂ ਦਾਨ ਵੱਡਾ ਭੁੱਖੇ ਨੂੰ ਰਜਾਨ ਦਾ।
ਜੱਸਾਂ ਵਿੱਚੋਂ ਵੱਡਾ ਜੱਸ ਦੁੱਖੀ ਦਾ ਦਰਦ ਵੰਡੇ,
ਸੁੱਖਾਂ ਵਿੱਚੋਂ ਸੁੱਖ ਰਾਜਾ ਗੁਰੂ ਮੁਸਕਾਨ ਦਾ।

ਜਜ਼ਬਿਆਂ ਚੋਂ ਵੱਡਾ ਜਿਵੇਂ ਜਜ਼ਬਾ ਕੁਰਬਾਨੀ ਦਾ ਏ,
ਪੰਜਾਬੀਆਂ ਲਈ ਵੱਡੀ ਭਾਸ਼ਾ ਸਭ ਤੋਂ ਪੰਜਾਬੀ ਏ।
ਦਰਜਿਆਂ ਚੋਂ ਦਰਜਾ ਜਿਉਂ ਵੱਡਾ ਮਾਂ ਬਾਪ ਦਾ ਏ,
ਫੁੱਲਾਂ ਵਿੱਚੋਂ ਫੁੱਲ ਵੱਡਾ ਗੁਲਾਬ ਜਿਉਂ ਗੁਲਾਬੀ ਏ।
ਗੱਲਾਂ ਵਿੱਚੋਂ ਵੱਡੀ ਗੱਲ ਸਭ ਤਾਂਈ ਜੀ ਕਹਿਣਾ,
ਕੰਮਾਂ ਵਿੱਚੋਂ ਵੱਡਾ ਕੰਮ ਜਿਸ ਤਰ੍ਹਾਂ ਸ਼ਤਾਬੀ ਏ।
ਹੋਂਵਦੀ ਏ ਸ਼ੋਭਾ ਸਦਾ ਓਸ ਦੀ ਜਹਾਨ ਵਿੱਚ,
ਜ਼ਿੰਦਗੀ 'ਚ 'ਰਾਜਾ' ਜਿਹੜਾ ਕਰੇ ਨਾ ਖਰਾਬੀ ਏ।

ਬੰਦੇ ਦਾ ਬੁੱਤ ਕਦੇ ਨਾ ਬਣਦਾ

ਬੰਦੇ ਦਾ ਬੁੱਤ ਕਦੇ ਨਾ ਬਣਦਾ, ਜੇ ਬ੍ਰਹਮਾ ਘੁਮਿਆਰ ਨਾ ਹੁੰਦਾ।
ਰੋਜੀ ਇਸ ਨੂੰ ਨਹੀ ਸੀ ਮਿਲਨੀ, ਜੇ ਵਿਸ਼ਨੂੰ ਅਵਤਾਰ ਨਾ ਹੁੰਦਾ।
ਨੀਚ ਜਾਤ ਨਾ ਉੱਚੀ ਹੋਂਦੀ, ਜੇ ਰਵਿਦਾਸ ਚੁਮਾਰ ਨਾ ਹੁੰਦਾ।
ਨਾਮ ਇਸ਼ਕ ਦਾ ਕੋਈ ਨਾ ਲੈਂਦਾ, ਰਾਂਝਾ ਹੀਰ ਪਿਆਰ ਨਾ ਹੁੰਦਾ।
ਇਸ਼ਕ ਦੀ ਫੱਟੀ ਪੋਚੀ ਜਾਂਦੀ, ਜੇ ਸੋਹਣੀ ਮਹੀਵਾਲ ਨਾ ਹੁੰਦਾ।
ਨਾਈਆਂ ਨੂੰ ਰਾਜੇ ਨਾ ਕਹਿੰਦੇ, ਜੇ ਸੈਣ ਨਾਈ ਬੁਤਕਾਰ ਨਾ ਹੁੰਦਾ।
ਭੰਬਲ ਭੂੱਸੇ ਖਾਂਦੀ ਦੁਨੀਆਂ, ਜੇ ਨਾਨਕ ਨਰੰਕਾਰ ਨਾ ਹੁੰਦਾ।
ਪੰਥ ਖਾਲਸਾ ਕੌਣ ਸਜਾਂਦਾ, ਜੇ ਗੁਰ ਗੋਬਿੰਦ ਬਲਕਾਰ ਨਾ ਹੁੰਦਾ।
ਜੱਟ ਕਦੇ ਨਾ ਭਗਤ ਸਦੌਂਦੇ, ਜੇ ਧੰਨਾ ਸਰਦਾਰ ਨਾ ਹੁੰਦਾ।
ਹਰਨਾਕਸ਼ ਵੀ ਕਦੇ ਨਾ ਮਰਦਾ, ਜੇ ਉਸ ਨੂੰ ਹੰਕਾਰ ਨਾ ਹੁੰਦਾ।
ਸੋਨੇ ਦੀ ਲੰਕਾ ਨਾ ਬਣਦੀ, ਜੇ ਵਿਸ਼ਕਰਮਾ ਦਾਤਾਰ ਨਾ ਹੁੰਦਾ।
ਬੰਦਾ ਨਾ ਸੰਸਾਰ ਤੋਂ ਮਰਦਾ, ਜੇ ਸ਼ਿਵਜੀ ਹੁਸ਼ਿਆਰ ਨਾ ਹੁੰਦਾ।
ਕਵੀ ਰਾਜੇ ਨੂੰ ਕੌਣ ਬੁਲਾਂਦਾ, ਜੇ ਕਵਿਤਾ ਕਰਦਾ ਤਿਆਰ ਨਾ ਹੁੰਦਾ।

ਭਾਰਤ ਸਦਾ ਗੁਲਾਮ ਹੀ ਰਹਿੰਦਾ
ਜੇ ਛੀਨੀ ਅਵਤਾਰ ਨਾ ਹੁੰਦਾ

ਭੈੜੀਆਂ ਚੀਜ਼ਾਂ

ਰਸਤੇ 'ਚ ਕਿੱਲੀ ਭੈੜੀ, ਦੁੱਧ ਕੋਲ ਬਿੱਲੀ ਭੈੜੀ,
ਦੌਣ ਮੰਜੀ ਢਿੱਲੀ ਭੈੜੀ, ਨੀਂਦ ਨਹੀਂ ਆਂਵਦੀ।
ਕੰਜਰੀ ਦਾ ਗੌਣ ਭੈੜਾ, ਖੁਸ਼ੀ ਸਮੇਂ ਰੋਣ ਭੈੜਾ,
ਸਿੱਖ ਘੋਨ ਮੋਨ ਭੈੜਾ, ਸੋਭਾ ਨਹੀ ਪਾਂਵਦੀ।
ਦੱਗੇ ਖੋਰ ਨਾਰ ਭੈੜੀ, ਜੰਗ ਵਿੱਚੋਂ ਹਾਰ ਭੈੜੀ,
ਵੱਢੇ ਨਾਲ ਖਾਰ ਭੈੜੀ, ਦਿਲ ਨੂੰ ਦੁਖਾਂਵਦੀ।
ਬਹੁਤਾ ਚਿਰ ਸੌਣ ਭੈੜਾ, ਮੋੜ ਤੇ ਖਲੋਨ ਭੈੜਾ,
ਗੱਲੀਆਂ 'ਚ ਭੌਣ ਭੈੜਾ, ਗੱਲ ਨਹੀਂ ਭਾਂਵਦੀ।
ਤਕੜੇ ਨੂੰ ਗਾਲ ਭੈੜੀ, ਪੁਲਸੀਆਂ ਦੀ ਮਾਰ ਭੈੜੀ,
ਗਊ ਦਿੱਤੀ ਧਾਰ ਭੈੜੀ, ਰਾਸ ਨਹੀਂ ਆਂਵਦੀ।
ਪੁੱਤ ਜੋ ਮਖੱਟੂ ਭੈੜਾ, ਅੱਥਰਾ ਜੋ ਟੱਟੂ ਭੈੜਾ,
ਰੋਗ ਦਿਲ ਚੱਟੂ ਭੈੜਾ, ਪੇਸ਼ ਨਹੀ ਜਾਂਵਦੀ।
ਬੰਦਾ ਬੇਲਿਹਾਜਾ ਭੈੜਾ, ਖੁੱਲ੍ਹਾ ਦਰਵਾਜਾ ਭੈੜਾ,
ਦਿਲ ਦਾ ਨਾ ਰਾਜਾ ਭੈੜਾ, ਕਵਿਤਾ ਬਤਾਂਵਦੀ।

ਗ਼ਮ ਤੇਰੇ ਨੂੰ ਚੂਸਨ ਆਈ

ਸੱਧਰਾਂ ਅਤੇ ਉਮੰਗਾਂ ਦੇ ਸੰਗ, ਕਰਦਾ ਫਿਰਦਾ ਕਾਰ ਉਏ ਜੱਟਾ।
ਲੱਖ ਮੁਸੀਬਤਾਂ ਝੋਲੀ ਪਾ ਕੇ, ਤਾਂਹਵੀ ਕਰੇਂ ਵਿਹਾਰ ਉਏ ਜੱਟਾ।
ਦੇਸ਼ ਦੀਆਂ ਸਰਹੱਦਾਂ ਉੱਤੇ, ਹੈਂ ਤੂੰ ਪਹਿਰੇਦਾਰ ਉਏ ਜੱਟਾ।
ਦਰ ਤੇਰੇ ਤੇ ਜੋ ਵੀ ਆਵੇ, ਉਸ ਦਾ ਸੇਵਾਦਾਰ ਉਏ ਜੱਟਾ।
ਕਹਿ ਪ੍ਰਮੇਸ਼ਰ ਤੱਕ ਕੇ ਤੈਨੂੰ, ਹੋ ਨਾ ਹੁਣ ਲਾਚਾਰ ਉਏ ਜੱਟਾ।
ਗਮ ਤੇਰੇ ਨੂੰ ਚੂਸਨ ਆਈ, ਫਸਲਾਂ ਦੀ ਬਹਾਰ ਉਏ ਜੱਟਾ।

ਵਾਹ ਸਵਾਰ ਕੇ ਪੈਲੀ ਤਾਂਈ, ਕਰਦੈਂ ਜਦੋਂ ਤਿਆਰ ਉਏ ਜੱਟਾ।
ਬੀ ਬੀਜ ਕੇ ਮਹਿੰਗੇ ਭਾਅ ਦਾ, ਦਏਂ ਸੁਹਾਗਾ ਮਾਰ ਉਏ ਜੱਟਾ।
ਖੇਤੀ ਉੱਗ ਤਿਆਰ ਜਾਂ ਹੋਈ, ਚੜ੍ਹ ਗਈ ਖੁਸ਼ੀ ਅਪਾਰ ਉਏ ਜੱਟਾ।
ਪਾਣੀ ਫਿਰੇਂ ਤੂੰ ਖੇਤੀ ਲਾਂਦਾ, ਮੋਢੇ ਕਹੀ ਸਵਾਰ ਉਏ ਜੱਟਾ।
ਹੋਠਾਂ ਦੀ ਮੁਸਕਾਨ ਆਖਦੀ, ਜਾਵੇ ਲੱਥ ਉਧਾਰ ਉਏ ਜੱਟਾ।
ਗਮ ਤੇਰੇ ਨੂੰ ਚੂਸਨ ਆਈ ....

ਵਾਰੀ ਜੇਕਰ ਸੁੱਕੀ ਲੰਘੇ, ਕ੍ਰਿਤੀ ਸ਼ੇਰ ਕਿਸਾਨ ਉਏ ਜੱਟਾ।
ਸੁਕਦੀ ਵੇਖ ਫਸਲ ਦੇ ਤਾਈਂ, ਰੰਗ ਤੇਰਾ ਹੋ ਜਾਏ ਖੱਟਾ।
ਵੇਖ ਖਲੋਤਾ ਖਾਲੀ ਪਾਣੀ, ਫੜ ਲੈਨਾ ਏ ਯਾਰਾ ਝੱਟਾ।
ਆਖੇਂ ਵੱਸ ਜੇ ਮੇਰੇ ਹੋਵੇ, ਚੁਕਾਂ ਜਾ ਹੈਡ ਤੋਂ ਫੱਟਾ।
ਕਾਰ ਤੇਰੀ ਹੈ ਸਭ ਤੋਂ ਔਖੀ, ਕਰਦੈਂ ਹੋ ਹੁਸ਼ਿਆਰ ਉਏ ਜੱਟਾ।
ਗਮ ਤੇਰੇ ਨੂੰ ਚੂਸਨ ਆਈ ....

ਆਈ ਵਿਸਾਖੀ ਕਣਕਾਂ ਪੱਕੀਆਂ, ਖਿੜ ਗਈ ਗੁਲਜਾਰ ਓਏ ਜੱਟਾ।
ਵਾਢੀ ਕਰਕੇ ਕੱਠੀ ਕਰਲੈ, ਹੁਣ ਨਾ ਢਿੱਲ ਗੁਜਾਰ ਉਏ ਜੱਟਾ।
ਲਿਆਨ ਵਾਸਤੇ ਦਾਨਿਆਂ ਤਾਂਈ, ਟਰੈਕਟਰ ਕਰ ਤਿਆਰ ਉਏ ਜੱਟਾ।
ਬੰਨਿਆ ਉਤੇ ਹੇਕਾਂ ਲਾਵੀਂ, ਛੇੜ ਦਿਲੇ ਦੀ ਤਾਰ ਓਏ ਜੱਟਾ।
ਰਾਜਾ ਕੀ ਪ੍ਰਵਾਹ ਹੈ ਤੈਨੂੰ, ਤੂੰ ਸਭ ਦਾ ਸਰਦਾਰ ਉਏ ਜੱਟਾ।
ਗਮ ਤੇਰੇ ਨੂੰ ਚੂਸਨ ਆਈ, ਫਸਲਾਂ ਦੀ ਬਹਾਰ ਉਏ ਜੱਟਾ।

ਅੱਸੂ ਅਤੇ ਕੱਤਕ

ਅੱਸੂ ਵਿੱਚ ਆਸਾਂ ਜਾਗ ਪਈਆਂ, ਤੇ ਫੁੱਟੀ ਨਵੀਂ ਅੰਗੂਰੀ ਏ।
ਹਰ ਪਾਸੇ ਖੁਸ਼ੀਆਂ ਮਹਿਕ ਦੀਆਂ, ਤੇ ਦੂਰ ਹੋਈ ਮਜਬੂਰੀ ਏ।
ਸਭ ਝਿਲ ਮਿਲ ਝਿਲ ਮਿਲ ਕਰਦੇ ਨੇ, ਫਸਲਾਂ ਨੇ ਰੰਗ ਵਟਾਇਆ ਏ।
ਮੱਕੀ ਦੀਆਂ ਹਰੀਆਂ ਛੱਲੀਆਂ ਨੇ, ਕੋਈ ਨਵਾਂ ਹੀ ਸੂਟ ਸੁਆਇਆ ਏ।
ਪਏ ਦੂਰੋਂ ਸਿੱਟੇ ਬਾਜਰੇ ਦੇ, ਜੱਟ ਦੇ ਅੱਗੇ ਝੁਕਦੇ ਨੇ।
ਇਉਂ ਜਾਪਣ ਮੋਤੀ ਸ਼ਬਨਮ ਦੇ ਪਏ ਜੱਟ ਦੀ ਝੋਲੀ ਲੁਕਦੇ ਨੇ।
ਝੋਲੀ ਵਿੱਚ ਪਾਕੇ ਜੱਟ ਜਦੋਂ, ਫਿਰ ਘਰ ਨੂੰ ਮੁੜਕੇ ਆਇਆ ਏ।
ਤੇ ਕਹਿੰਦਾ ਆਣ ਸੁਆਣੀ ਨੂੰ, ਅੱਜ ਵੇਖ ਕੀ ਜੱਟ ਲਿਆਇਆ ਏ।
ਜਦ ਵੇਖਿਆ ਉਸਦੇ ਬੱਚਿਆਂ ਨੇ, ਝੋਲੀ ਵਿੱਚ ਹੱਥ ਵਧਾਂਦੇ ਨੇ।
ਹੱਥ ਆਇਆ ਲੈਕੇ ਭੱਜ ਗਏ, ਤੇ ਹੱਸ ਹੱਸ ਕੇ ਪਏ ਖਾਂਦੇ ਨੇ।
ਚੜ੍ਹ ਪਿਆ ਮਹੀਨਾ ਕੱਤਕ ਦਾ, ਤੇ ਨਵਾਂ ਹੀ ਰੰਗ ਲਿਆਇਆ ਏ।
ਨਰਮੇ ਦੇ ਬੂਟੇ ਖਿੜ ਪਏ ਨੇ, ਤੇ ਅੰਗ ਅੰਗ ਲਹਿਰਾਇਆ ਏ।
ਝੋਨੇ ਨੂੰ ਵੇਚ ਕਿਸਾਨ ਜਦੋਂ, ਫਿਰ ਘਰ ਨੂੰ ਮੁੜਕੇ ਆਇਆ ਏ।
ਬੋਝੇ ਵਿੱਚ ਨੋਟ ਸਮਾਂਦੇ ਨਹੀਂ, ਤੇ ਚਿਹਰਾ ਦੂਣ ਸਵਾਇਆ ਏ।
ਕੱਤਕ ਇਹ ਕੈਸਾ ਸੋਹਣਾ ਹੈ, ਏਸੇ ਵਿੱਚ ਆਈ ਦੀਵਾਲੀ ਏ।
ਪਏ ਬੰਬ ਪਟਾਕੇ ਚਲਦੇ ਨੇ, ਐਸੀ ਏ ਕਰਮਾਂ ਵਾਲੀ ਏ।
ਕਿਹਾ ਮਾਂਹ ਹੁਸੀਨ ਹੈ ਕੱਤਕ ਦਾ, ਹਰ ਪਾਸੇ ਖੇੜਾ ਛਾਇਆ ਏ।
ਕੱਤਕ ਦੀ ਪੂਰਨਮਾਸ਼ੀ ਨੂੰ, ਗੁਰੂ ਨਾਨਕ ਨੇ ਵਡਿਆਇਆ ਏ।
ਕੱਤਕ ਵਿਚ ਤਾੜ ਕਿਸਾਨਾ ਨੂੰ, ਪਏ ਹੱਸ ਹੱਸ ਪੈਲੀ ਵਾਂਹਦੇ ਨੇ।
ਛੋਲੇ ਤੇ ਕਣਕਾਂ ਬੀਜਣ ਲਈ, ਪਏ ਮੁੜ ਮੁੜ ਹੱਲ ਚਲਾਂਦੇ ਨੇ।
ਕੱਤਕ ਇਹ ਕੈਸਾ ਸੋਹਣਾ ਏ, ਦਿਨੇ ਧੁੱਪਾਂ ਰਾਤੀਂ ਪਾਲਾ ਏ।
ਰਾਤਾਂ ਵੀ ਵੱਡੀਆਂ ਹੋ ਗਈਆਂ, ਕੱਤਕ ਇਹ ਕਰਮਾਂ ਵਾਲਾ ਏ।
ਅੱਜ ਰਾਜਾ ਵੀ ਪ੍ਰਨਾਮ ਕਰੇ, ਉਸ ਦੋ ਜਹਾਨ ਦੇ ਵਾਲੀ ਨੂੰ।
ਜਿਸ ਦੇਸ਼ ਚੋਂ ਕੱਢਕੇ ਗੁਰਬੱਤ ਨੂੰ, ਲੈ ਆਂਦਾ ਏ ਖੁਸ਼ਹਾਲੀ ਨੂੰ।

ਹੋਵੇ

ਬੁੱਰਕੀ ਆਪਣੇ ਮੂੰਹ ਵਿੱਚ ਪਾਨ ਸਭੇ, ਭਾਵੇਂ ਭੈਣ ਤੇ ਭਾਂਵੇ ਕੋਈ ਭਾਈ ਹੋਵੇ।
ਰਿਹਾ ਕਿਸੇ ਦੇ ਉੱਤੇ ਇਤਬਾਰ ਕੋਈ ਨਹੀਂ, ਭਾਵੇਂ ਸਹੁਰਾ ਤੇ ਭਾਂਵੇ ਜਵਾਈ ਹੋਵੇ।
ਦਾ ਲਾਣ ਵਲੋਂ ਨਹੀਂ ਘੱਟ ਕਰਨੀ, ਭਾਂਵੇ ਚਾਚੀ ਤੇ ਭਾਵੇਂ ਕੋਈ ਤਾਈ ਹੋਵੇ।
ਲੱਗੇ ਦਾ ਤੇ ਰੱਤਾ ਨਹੀ ਘੱਟ ਕਰਦੇ, ਭਾਵੇਂ ਬਾਣੀਆਂ ਤੇ ਭਾਵੇਂ ਨਾਈ ਹੋਵੇ।
ਗਾਲ ਕੱਢਦੇ ਹੈਣ ਤੜਕ ਕਰਕੇ, ਥਾਣੇਦਾਰ ਤੇ ਭਾਵੇਂ ਸਪਾਹੀ ਹੋਵੇ।
ਬਿਨਾ ਸਿੱਦਕ ਸੰਤੋਖ ਨਾ ਰੱਜ ਹੋਵੇ, ਭਾਂਵੇ ਖੁਸਰਾ ਤੇ ਭਾਵੇਂ ਕੋਈ ਦਾਈ ਹੋਵੇ।
ਬ੍ਰਿਹੋ ਰੋਗੀ ਨੂੰ ਨਹੀ ਬਚਾ ਸਕਦੀ, ਕਿੰਨੀ ਕੀਮਤੀ ਖਾਧੀ ਦਵਾਈ ਹੋਵੇ।
ਰੋਟੀ ਖਾਂਦਿਆਂ ਬਿਨਾਂ ਨ ਤ੍ਰਿਪਤ ਹੋਵੇ, ਲੱਡੂ ਪੇੜੇ ਜਾਂ ਖਾਧੀ ਮਠਿਆਈ ਹੋਵੇ।
ਆਖਰ ਮੌਤ ਨੇ ਸਭ ਨੂੰ ਖਾ ਲੈਣਾ, ਭਾਵੇਂ ਮਰਦ ਤੇ ਭਾਂਵੇ ਲੁਗਾਈ ਹੋਵੇ।
ਲੈਣ ਦੇਣ ਦੇ ਹੀ ਸਭੇ ਹੈਨ ਰਿਸ਼ਤੇ, ਭਾਵੇਂ ਬਾਪੂ ਤੇ ਭਾਂਵੇ ਕੋਈ ਮਾਈ ਹੋਵੇ।
ਕਰਨਾ ਚਾਹੀਦੈ ਕੌਣ ਸਤਿਕਾਰ ਕਰਦੈ, ਭਾਵੇਂ ਸਾਲੀ ਤੇ ਭਾਵੇਂ ਭਰਜਾਈ ਹੋਵੇ।
ਨਿੱਘ ਵਾਸਤੇ ਦੋਵੇਂ ਹੀ ਹੈਨ ਚੰਗੇ, ਭਾਵੇਂ ਕੰਬਲ ਤੇ ਭਾਂਵੇ ਰਜਾਈ ਹੋਵੇ।
ਮੂਰਖ ਗੱਧਾ ਤੇ ਝੋਟਾ ਨਹੀਂ ਮਸਤ ਹੁੰਦੇ, ਸਾਹਵੇਂ ਕਿੰਨੀ ਵੀ ਬੀਨ ਵਜਾਈ ਹੋਵੇ।
ਬੱਚੇ ਤਾਂਈ ਨਹੀਂ ਓਸ ਦੀ ਸਾਰ ਹੁੰਦੀ, ਸੇਜ ਕਿੰਨੀ ਹੀ ਸੁੰਦਰ ਵਛਾਈ ਹੋਵੇ।
ਚੰਗੇ ਬੀਜ ਬਾਝੋਂ ਖੇਤੀ ਫਬਦੀ ਨਹੀਂ, ਸੌ ਵਾਰ ਭਾਵੇਂ ਪੈਲੀ ਵਾਹੀ ਹੋਵੇ।
ਸਿੱਧੀ ਬਿਨਾਂ ਨਿਸ਼ਾਨਿਓਂ ਵੱਜਦੀ ਨਹੀਂ, ਕਿੰਨੀ ਵਾਰ ਵੀ ਗੋਲੀ ਚਲਾਈ ਹੋਵੇ।
ਸੂਰਜ ਚੰਦ ਦੀ ਰੌਸ਼ਨੀ ਹੈ ਸਭ ਲਈ, ਭਾਵੇ ਚਤਰ ਤੇ ਭਾਵੇਂ ਸ਼ੁਦਾਈ ਹੋਵੇ।
ਟੌਹਰ ਬਣਦਾ ਨਹੀ ਬਿਨਾ ਅਰੋਗਤਾ ਦੇ, ਕੋਟ ਪੈਂਟ ਜਾ ਲਾਈ ਨਿਕਟਾਈ ਹੋਵੇ।
ਬਿਨਾ ਭਾਗਾਂ ਦੇ ਖਾਧੀ ਨਹੀਂ ਜਾ ਸਕਦੀ, ਭਾਵੇਂ ਮੂੰਹ ਵਿੱਚ ਗਈ ਗਰ੍ਹਾਈ ਹੋਵੇ।
ਕਾਲੀ ਕੰਬਲੀ ਚਿੱਟੀ ਨਹੀਂ ਹੋ ਸਕਦੀ, ਸਾਬਨ ਲਾਕੇ ਕਿੰਨੀ ਧੁਆਈ ਹੋਵੇ।
ਬਿਨਾ ਗਲੇ ਤੋਂ ਨਹੀ ਸਵਾਦ ਬਣਦਾ, ਕਵਿਤਾ ਚੰਗੀ ਸਟੇਜ ਤੇ ਗਾਈ ਹੋਵੇ।
ਬਿਨਾ ਭਾਗਾਂ ਦੇ ਸੁਖ ਨਾ ਮਿਲੇ ਰਾਜਾ, ਭਾਵੇਂ ਰੱਜਕੇ ਕੀਤੀ ਕਮਾਈ ਹੋਵੇ।

ਸ਼ੇਅਰ

ਬੋਲ ਜ਼ਬਾਨੋਂ ਤੇ ਤੀਰ ਕਮਾਨੋ, ਨਿਕਲੇ ਕਦੇ ਨਾ ਪਰਤੇ।
ਲੱਖ ਜਤਨੀ ਨਹੀ ਮਿਟਦੇ ਰਾਜਾ, ਜੋ ਲਿਖਿਆ ਉਸ ਕਰਤੇ।

ਗੱਲੀਂ ਕਦੇ ਕੜਾਹ ਨਹੀ ਬਣਦਾ, ਥੁੱਕੀਂ ਵੜੇ ਨਾ ਪੱਕਣ।
ਪਾਣੀ ਰਿੜਕਿਆਂ ਕੁਝ ਨਾ ਨਿੱਕਲੇ, ਰਾਜਾ ਦਹੀਂ ਰਿੜਕਿਆਂ ਮੱਖਣ।

ਥੁੱਕੀਂ ਵੱੜੇ ਪਕਾਇਆ ਨਹੀ ਕਦੇ ਪੱਕੇ, ਵੱੜੇ ਪੱਕਦੇ ਤੇਲ ਤੇ ਘਿਉ ਅੰਦਰ।
ਜਿੰਨਾ ਤੇਲ ਤੇ ਘਿਉ ਵਿਚੋਂ ਫ਼ਰਕ ਰਾਜਾ ਓਨਾ ਫ਼ਰਕ ਹੈ ਚਾਚੇ ਤੇ ਪਿਓ ਅੰਦਰ।

ਕਦੇ ਪੈਸਿਆਂ ਨਾਲ ਨਹੀਂ ਭੁੱਖ ਮਿਟਦੀ, ਭੁੱਖ ਮਿਟਦੀ ਹੈ ਸਿਦਕ ਭਰੋਸੇ ਦੇ ਨਾਲ।
ਭੁਜੀਏ ਨਾਲ ਨਹੀ ਉਨਾ ਸਵਾਦ ਬਣਦਾ, ਜਿੰਨਾ ਸਵਾਦ ਹੈ ਰਾਜਾ ਸਮੋਸੇ ਦੇ ਨਾਲ।

ਕੜਛੀ ਨਾਲ ਪਦਾਰਥ ਬਣਦਾ, ਕੜਛੀ ਹੀ ਵਰਤਾਵੇ।
ਭਾਗਾਂ ਵਾਲਾ ਚਿਮਚਾ ਰਾਜਾ, ਜੋ ਭਰ ਭਰ ਮੂੰਹ ਵਿੱਚ ਪਾਵੇ।

ਜਿੰਨਾ ਨਾਮ ਤੇ ਬਾਣੀ ਦਾ ਰੰਗ ਚੜ੍ਹਦਾ,
ਉਨਾਂ ਰੰਗ ਨਹੀ ਚੜ੍ਹਦਾ ਦੰਦਾਸੇ ਦੇ ਨਾਲ।
ਮਿਸ਼ਰੀ ਨਾਲ ਜਿੰਨਾਂ ਗਲਾ ਸਾਫ ਹੋਵੇ,
ਉਨਾ ਸਾਫ਼ ਨਹੀਂ ਹੋਂਦਾ ਪਤਾਸੇ ਦੇ ਨਾਲ।
ਜਿੰਨਾ ਫੱਟ ਜ਼ੁਬਾਨ ਦਾ ਲਗਦਾ ਏ,
ਉਨਾ ਫੱਟ ਨਹੀਂ ਲਗਦਾ ਗੰਡਾਸੇ ਦੇ ਨਾਲ।
ਚੁਪ ਨਾਲ ਨਹੀ ਰਾਜਾ ਸਰੀਰ ਖੁਲ੍ਹਦਾ,
ਸਰੀਰ ਖੁਲ੍ਹਦਾ ਏ ਜਿੰਨਾ ਹਾਸੇ ਦੇ ਨਾਲ।

ਇੱਕੋ ਹੀ ਭਗਵਾਨ ਹੈ ਸਭ ਦਾ

ਇੱਕੋ ਹੀ ਭਗਵਾਨ ਹੈ ਸਭਦਾ, ਜਿਸ ਨੇ ਸਭ ਨੂੰ ਘੜਿਆ।
ਸਭ ਜੀਆਂ ਦਾ ਇੱਕੋ ਦਾਤਾ, ਹਰ ਸੂਰਤ ਵਿੱਚ ਜੜਿਆ।
ਔਣ ਜਾਣ ਦਾ ਰਸਤਾ ਇੱਕੋ, ਸਭ ਜੀਆਂ ਨੇ ਫੜਿਆ ।
ਵੱਟਾਂ ਬੰਨੇ ਆਪਾਂ ਪਾਏ, ਵੀਰ ਵੀਰ ਸੰਗ ਲੜਿਆ।
ਪ੍ਰੇਮ ਭਾਵ ਸਭ ਛਿੱਕੇ ਟੰਗੇ, ਸਬਕ ਦੂੱਈ ਦਾ ਪੜ੍ਹਿਆ।
ਅੰਤ ਹਾਰਿਆ ਉਹੋ ਰਾਜਾ, ਜੋ ਰੱਬ ਦੇ ਸੰਗ ਅੜਿਆ।

ਦੇਣਹਾਰ ਦਾਤਾਰ ਵਿਸਰਿਆ, ਜਿਸ ਨੇ ਦਿੱਤੀ ਮਾਇਆ।
ਐਸੀ ਮਾਇਆ ਪਾਈ ਉਸ ਨੇ, ਭੁਲਿਆ ਮਾਂ ਪਿਉ ਜਾਇਆ।
ਪਲ ਦੋ ਪਲ ਵਿੱਚ ਢੱਲ ਜਾਣੀ ਹੈ, ਇਹ ਮਾਇਆ ਦੀ ਛਾਇਆ।
ਸਭ ਕੁੱਝ ਉਸ ਨੇ ਖੋਹ ਲੈਣਾ ਹੈ, ਜਦ ਉਸ ਦੇ ਦਿਲ ਆਇਆ।
ਨਿਰਧੱਨ ਸਰਧੱਨ ਤਾਂਈ ਰਾਜਾ ਜਾਏ ਨਾ ਦਿਲੋਂ ਭੁਲਾਇਆ।
ਤਲੀਆਂ ਮਲਦੇ ਰਹਿ ਜਾਵਾਂਗੇ, ਜਾਂ ਹਥੋਂ ਵਕਤ ਗਵਾਇਆ।

ਐਸੀ ਕਰਨੀ ਕਰਲੈ ਬੰਦਿਆ, ਜੋ ਤੇਰੇ ਸੰਗ ਜਾਣੀ।
ਭੁੱਖੇ ਤਾਂਈ ਰੋਟੀ ਦੇ ਦੇ, ਤਰਿਹਾਏ ਨੂੰ ਪਾਣੀ।
ਦੁਖੀਆਂ ਦਾ ਕੁਝ ਦਰਦ ਵੰਡਾ ਲੈ, ਇਸ ਵਿਚ ਸੁੱਖ ਹੀ ਜਾਣੀ।
ਜਿਸ ਮੋਹ ਅੰਦਰ ਫਸਿਆ ਫਿਰਦੈਂ, ਸਭ ਦੁੱਖਾਂ ਦੀ ਘਾਣੀ।
ਸਭ ਨੇ ਏਦਾਂ ਮੱਥਿਆਂ ਜਾਣਾ, ਜਿਉਂ ਦੁੱਧ ਮੱਥੇ ਮਧਾਣੀ।
ਤੂੰ ਵੀ ਰਾਜਾ ਕਰਨੀ ਕਰਜਾ, ਸਦਾ ਨਾ ਕਵਿਤਾ ਗਾਣੀ।

ਚੰਗੇ ਕਰਮ ਕਮਾ ਲੈ ਬੰਦਿਆ, ਨਾਲ ਜਿੰਨਾ ਹੈ ਜਾਣਾ।
ਬੇਜ਼ੁਬਾਂ ਗੱਲ ਛੁਰੀ ਚੱਲਾਕੇ, ਨਾ ਕਰ ਜੋਰ ਧਿੰਗਾਣਾ।
ਚੰਗੀ ਕਰਨੀ ਨੇ ਹੀ ਆਖਰ, ਤੇਰਾ ਸਾਥ ਨਿਭਾਣਾ।
ਪੀਰ ਪੈਗੰਬਰ ਵੱਲੀ ਔਲੀਏ, ਸਭ ਨੂੰ ਕਾਲ ਚਬਾਣਾ।
ਹੱਕ ਸੱਚ ਦੀ ਕਰ ਕਮਾਈ, ਛੱਡਦੇ ਪਾਪ ਕਮਾਣਾ।
ਮਿੱਟੀ ਵਿਚੋਂ ਉਪਜਿਆ ਰਾਜਾ, ਮਿੱਟੀ ਵਿਚ ਸਮਾਣਾ।

ਕੁਦਰਤ ਦੇ ਰੰਗ

ਐ ਮਾਲਕ ਤੇਰੀ ਕੁਦਰਤ ਦੇ, ਵੇਖੇ ਮੈਂ ਰੰਗ ਨਿਆਰੇ ਨੇ।
ਕਈਆਂ ਦੀ ਗੁੱਡੀ ਚੜ੍ਹ ਗਈ ਏ, ਕਈ ਪੈਰਾਂ ਹੇਠ ਲਤਾਰੇ ਨੇ।
ਕਈ ਹੱਸਕੇ ਟੈਮ ਗੁਜ਼ਾਰ ਰਹੇ, ਕਈ ਰੋ ਕੇ ਕਰਨ ਗੁਜ਼ਾਰੇ ਨੇ।
ਕਈ ਤੀਲੇ ਵਾਗੂੰ ਡੋਲ ਰਹੇ, ਕਈ ਵਿੱਤੋਂ ਹੀ ਵੱਧ ਭਾਰੇ ਨੇ।
ਕਈ ਮਿਰਚਾਂ ਤੋਂ ਵੱਧ ਕੌੜੇ ਨੇ, ਕਈ ਮਿੱਠੇ ਤੇ ਕਈ ਖਾਰੇ ਨੇ।
ਤੂੰ ਜੋ ਚਾਹੇ ਸੋ ਕਰ ਦੇਵੇਂ, ਕਈ ਢਾਹੇ ਕਈ ਉਸਾਰੇ ਨੇ।
ਸਭ ਖਾਵਨ ਖੱਟਿਆ ਕਰਮਾਂ ਦਾ, ਕਈ ਕਰਮਾ ਦੇ ਹੀ ਮਾਰੇ ਨੇ।
ਕਈ ਨਿੰਦਿਆ ਤੇਰੀ ਕਰਦੇ ਨੇ, ਕਈ ਤੇਰੇ ਉਤੋਂ ਵਾਰੇ ਨੇ।
ਕਈਆਂ ਨੂੰ ਪਾਣੀ ਮਿਲਦਾ ਨਹੀਂ, ਕਈ ਘਿਉ ਦੇ ਕਰਨ ਗਰਾਰੇ ਨੇ।
ਕਈ ਦੋ ਦੋ ਵਾਰ ਵਿਆਹੇ ਨੇ, ਕਈ ਮੁੱਢੋਂ ਫਿਰਨ ਕੁਆਰੇ ਨੇ।
ਕਈ ਭਰ ਭਰ ਬੁੱਕਾਂ ਵੰਡਦੇ ਨੇ, ਕਈ ਮੰਗਦੇ ਫਿਰਨ ਉਧਾਰੇ ਨੇ।
ਕਈ ਮੋਹ ਮਾਇਆ ਵਿੱਚ ਫਸ ਰਹੇ ਨੇ, ਕਈਆਂ ਨੇ ਮੋਹ ਵਿਸਾਰੇ ਨੇ।
ਕਈ ਮਰਨ ਮਾਰਨ ਤੋਂ ਡਰਦੇ ਨੇ, ਕਈ ਕਰਦੇ ਘੱਲੂਘਾਰੇ ਨੇ।
ਕਈਆਂ ਦੇ ਮਹਿਲ ਮੁਨਾਰੇ ਨੇ, ਕਈਆਂ ਦੇ ਢੱਠੇ ਢਾਰੇ ਨੇ।
ਕਈ ਧੁੱਪੇ ਧੂਣੀਆਂ ਤਪਦੇ ਨੇ, ਕਈ ਜੱਲ ਦੇ ਕਰਦੇ ਧਾਰੇ ਨੇ।
ਜੋ ਰੱਬ ਦੇ ਸਦਾ ਨਜੀਕੀ ਨੇ, ਉਹ ਹੋਵਣ ਕਦੀ ਨਾ ਬਾਹਰੇ ਨੇ।
ਕਈ ਜੋੜੇ ਜੁੜ ਜੁੜ ਬਹਿੰਦੇ ਨੇ, ਕਈ ਫਿਰਦੇ ਕੱਲੇ ਕਾਰੇ ਨੇ।
ਕਈ ਲਾਵਣ ਗੱਫੇ ਕੁਨਕੇ ਦੇ, ਕਈਆਂ ਨਾ ਮਿਲਣ ਅਚਾਰੇ ਨੇ।
ਕਈ ਤਰਸਨ ਕੌਡੀ ਕੌਡੀ ਨੂੰ, ਕਈਆਂ ਦੇ ਭਰੇ ਭੰਡਾਰੇ ਨੇ।
ਵਾਹ ਮਾਲਕ ਤੇਰੀਆਂ ਖੇਡਾਂ ਤੋਂ, ਰਾਜੇ ਜਹੇ ਸਭ ਬਲਹਾਰੇ ਨੇ।

ਅਜੀਬ ਆਦਮੀ

ਇੱਕ ਆਦਮੀ ਇੱਕ ਦਿਨ, ਸਾਡੇ ਘਰ ਆਇਆ।
ਸੀ ਉਹਦੇ ਵੱਲੇ ਵੇਖਕੇ, ਮੇਰਾ ਚਿਤ ਘਬਰਾਇਆ।
ਕੱਦ ਕਾਠ ਮੈਂ ਵੇਖਕੇ, ਸਾਂ ਉਹਦਾ ਡਰਿਆ।
ਏਨੇ ਚਿਰ ਨੂੰ ਆਨ ਉਹ, ਮੰਜੇ ਕੋਲ ਖੜ੍ਹਿਆ।
ਉਹਦਾ ਹਾਥੀ ਜੇਡਾ ਕੱਦ ਸੀ, ਢਿੱਡ ਵਧਿਆ ਪੂਰਾ।
ਸਾਡਾ ਉਹਦੇ ਵਲੋਂ ਵੇਖਕੇ, ਡਰ ਗਿਆ ਕਤੂਰਾ।
ਰਾਮ ਰਮਾਈਆ ਕਰ, ਆਉ ਜੀ ਬੈਠੋ ਆਖਿਆ।
ਇੱਕ ਤਕਣੀ ਮੰਜਾ ਤਕਿਆ, ਤੇ ਮੇਰੇ ਵੱਲ ਝਾਕਿਆ।
ਕੁਝ ਅੰਦਰੇ ਅੰਦਰ ਸੋਚਕੇ, ਮੰਜੇ ਤੇ ਬਹਿ ਗਿਆ।
ਉਹਦੇ ਬਹਿੰਦਿਆਂ ਸਾਰ ਹੀ ਵੀਰਨੋ, ਮੰਜਾ ਅੰਨਦੇ ਪੈ ਗਿਆ।
ਇਉਂ ਵਾਜ ਮੰਜੇ ਦਾ ਸੁਣਦਿਆਂ, ਸਭ ਕੱਠੇ ਹੋ ਗਏ।
ਕਈ ਵੇਖਕੇ ਉਸਨੂੰ ਭੱਜ ਗਏ, ਕਈ ਬੂਹੇ ਢੋਹ ਗਏ।
ਸਭ ਵਿਗੜਿਆ ਢਾਂਚਾ ਵੇਖ, ਮੈਂ ਹੱਸ ਦੂਹਰਾ ਹੋ ਗਿਆ।
ਸਾਡਾ ਉਹਦੇ ਵੱਲੋਂ ਵੇਖਕੇ, ਪੱਪੂ ਡਰਦਾ ਰੋ ਪਿਆ।
ਹਾਸਾ ਸੀ ਆਪਣਾ ਫਿਰ ਮੈਂ, ਮੁਸ਼ਕਲ ਨਾਲ ਰੋਕਿਆ।
ਕਿਸ ਉਤੇ ਬੈਠਾਂਵਾਂ ਏਸ ਨੂੰ, ਮੈਂ ਦਿਲ ਵਿੱਚ ਸੋਚਿਆ।
ਕੁਝ ਖਾਉ ਪੀਉਗੇ ਉਸ ਨੂੰ, ਮੈਂ ਪੁਛਿਆ ਹੱਸਦਿਆਂ।
ਬਣ ਜਾਵੇ ਖਾਣਾ ਜਲਦ ਹੀ, ਪਤਨੀ ਨੂੰ ਦਸਦਿਆਂ।
ਉਹ ਖਾਣੇ ਦਾ ਨਾਂ ਸੁਣਦਿਆਂ, ਸੀ ਉੱਚੀ ਬੋਲਿਆ।
ਉਹਦੇ ਹੌਲੇ ਜਿਹੇ ਬੋਲ, ਕੰਨਾਂ ਦਾ ਪੜਦਾ ਖੋਹਲਿਆ।
ਉਹਦੇ ਢਿੱਡ ਦਾ ਵੇਖ ਆਕਾਰ, ਕਿਹਾ ਪਤਨੀ ਨੂੰ ਜਾਕੇ।
ਕੋਈ ਦੱਸ ਕੁ ਦਰਜਨ ਰੋਟੀਆਂ, ਲੈ ਆਈਂ ਪਕਾ ਕੇ।
ਕੋਈ ਇੱਕ ਪਤੀਲੇ ਦਾਲ ਨੂੰ, ਤੜਕਾ ਜਿਹਾ ਲਾ ਲਿਓ।
ਕੁੱਝ ਆਪਣੇ ਬੱਚੇ ਖਾਣਗੇ, ਵਾਧੂ ਬਣਵਾ ਲਿਓ।
ਉਹ ਬੱਦਲ ਵਾਗੂੰ ਗਰਜਣੋ, ਨਾ ਜਰਾ ਵੀ ਸੰਗਿਆ।
ਉਸ ਨੌਣ ਵਾਸਤੇ ਵੀਰਨੋ, ਸਾਬਨ ਸੀ ਮੰਗਿਆ।

ਉਹ ਨੌਣ ਵਾਸਤੇ ਵੀਰਿਉ, ਵਿੱਚ ਨਹਿਰ ਦੇ ਵੜ ਗਿਆ।
ਉਹ ਜਦੋਂ ਨਹਿਰ ਵਿੱਚ ਲੇਟਿਆ, ਪਾਣੀ ਤਾਂਹ ਚੜ੍ਹ ਗਿਆ।
ਨਾ ਧੋ ਕੇ ਘਰ ਨੂੰ ਆ ਗਿਆ, ਵੱਟ ਮੁਛੀਂ ਚਾਹੜੇ।
ਹੈ ਕਿਧਰ ਖਾਣਾ ਪੱਕਦਾ, ਉਧਰ ਨੂੰ ਤਾੜੇ।
ਕੁਝ ਚਿਰ ਮਗਰੋਂ ਆਣ ਮੁੰਡਾ, ਖਾਣੇ ਲਈ ਕਹਿ ਗਿਆ।
ਉਹ ਉਸੇ ਵੇਲੇ ਖਾਣ ਲਈ, ਚੌੜਾ ਹੋ ਬਹਿ ਗਿਆ।
ਸੀ ਜਿੰਨਾ ਖਾਣਾ ਪੱਕਿਆ, ਝੱਟ ਵਿੱਚ ਮੁਕਾ ਗਿਆ।
ਉਹ ਮਿੰਟ ਸਕਿੰਟਾਂ ਵਿਚ ਹੀ, ਸਭ ਰਾਸ਼ਨ ਖਾ ਗਿਆ।
ਜਦ ਖਾਣਾ ਖਾ ਕੇ ਗੋਗੜ ਤੇ, ਹੱਥ ਓਸ ਫੇਰਿਆ।
ਮੈਂ ਦਿਲ ਆਪਣੇ ਵਿੱਚ ਸੋਚਿਆ, ਬਖਸ਼ੀਂ ਰੱਬ ਮੇਰਿਆ।
ਮੈਂ ਰੱਬ ਦਾ ਸ਼ੁਕਰ ਗੁਜਾਰਿਆ, ਸੀ ਵਿਦਾ ਕਰਾ ਕੇ।
ਉਸ ਤੁਰਨ ਲਗੇ ਨੇ ਆਖਿਆ, ਫਿਰ ਮਿਲਾਂਗੇ ਆਕੇ।
ਮੈ ਇਹੋ ਜਿਹੇ ਮਨੁਖ ਤੋਂ, ਘੰਟੇ ਵਿੱਚ ਅੱਕਿਆ।
ਉਹ ਖਾਣ ਪੀਣ ਤੋਂ ਪਤਾ ਨਹੀਂ, ਕਦ ਦਾ ਸੀ ਡੱਕਿਆ।
ਸੀ ਏਦਾਂ ਹੀ ਖਾ ਖਾ ਕੇ, ਉਸ ਪੇਟ ਵਧਾਇਆ।
ਉਹ ਰਾਜਾ ਆਖੇ ਅੰਨ ਦਾ, ਵੈਰੀ ਬਣ ਆਇਆ।

ਬਾਲਕ ਦੀ ਵਿਥਿਆ

ਇਕ ਦਿਨ ਡਿਠਾ ਮੈਂ ਇੱਕ ਬਾਲ, ਪੁਛਿਆ ਉਸਤੋਂ ਉਸਦਾ ਹਾਲ।
ਕਿਸ ਨੂੰ ਦੱਸਾਂ ਵਿਥਿਆ ਫੋਲ, ਮੇਰੇ ਗੂੰਗੇ ਨੇ ਸਭ ਬੋਲ।
ਵਿਥਿਆ ਬਾਲਕ ਲਗਾ ਕਹਿਣ, ਮੈਥੋਂ ਛੋਟੀ ਹੈ ਇੱਕ ਭੈਣ।
ਮੈਂ ਸੱਤਾਂ ਤੋਂ ਛੋਟਾ ਵੀਰ, ਕਦੇ ਨਾ ਖਾਧੀ ਰੱਜਕੇ ਖੀਰ।
ਸਿਰ ਤੇ ਕਦੇ ਨਾ ਪਗੜੀ ਬੱਧੀ, ਰੋਟੀ ਮਿਲਦੀ ਅੱਧ ਪਚੱਦੇ।
ਰੁੱਖੀ ਮਿਸੀ ਖਾਈ ਜਾਵਾਂ, ਖਾਕੇ ਝੱਟ ਲੰਗਾਈ ਜਾਂਵਾ।
ਬਿੱਟੂ ਭੋਲੂ ਖੋਹਕੇ ਖਾਵਣ, ਟਿੱਚੂ ਪੱਪੂ ਦੰਦ ਲੜਾਵਣ।
ਟੀਟੂ ਮਿੰਟੂ ਰੌਲਾ ਪਾਣ, ਟਿੰਕੂ ਨੂੰ ਵੀ ਨਾਲ ਰਲਾਵਣ।
ਛੋਟੀ ਮੇਰੀ ਹੈ ਜੋ ਭੈਣ, ਕਦੇ ਨਾ ਸੁੱਕੇ ਉਸਦੇ ਨੈਣ।
ਅੱਠੇ ਪਹਿਰ ਹੀ ਦੁੱਖ ਹੰਡਾਵਾਂ, ਝੋਰੇ ਦੇ ਵਿੱਚ ਸੁਕਦਾ ਜਾਵਾਂ।
ਨਾ ਮੈਂ ਮਾਣੀ ਮਾਂ ਦੀ ਛਾਂ, ਕਿਸ ਨੂੰ ਆਪਣਾ ਹਾਲ ਸੁਨਾਂ।
ਕੋਈ ਨਾ ਪੂੰਝੇ ਮੇਰੀ ਗਿੱਡ, ਨਾ ਕੋਈ ਭਰਦਾ ਮੇਰਾ ਢਿੱਡ।
ਨਾ ਕੋਈ ਮੇਰੇ ਹੰਝੂ ਪੂੰਝੇ, ਲੱਗਾ ਰਹਾਂ ਮੈਂ ਹਰ ਦਮ ਖੂੰਜੇ।
ਨਾ ਬਾਪੂ ਨੇ ਲਾਡ ਲਡਾਇਆ, ਨਾ ਹੀ ਮੈਨੂੰ ਪੜ੍ਹਨੇ ਪਾਇਆ।
ਸੁਪਨੇ ਮੇਰੇ ਹੋਏ ਨਾ ਪੂਰੇ, ਰਹਿ ਗਏ ਮੇਰੇ ਚਾਅ ਅਧੂਰੇ।
ਸੋਚੀ ਜਾਵਾਂ ਦਿਨ ਤੇ ਰਾਤ, ਥੋੜੀ ਦੇਹ ਸੰਤਾਨ ਦੀ ਦਾਤ।
ਜਿਸ ਦਾ ਵੱਡਾ ਹੈ ਪ੍ਰੀਵਾਰ, ਬਣਦੇ ਨਾ ਸੁਖ ਦੇ ਆਸਾਰ।
ਇੱਕ ਦੋ ਹੁੰਦੇ ਭੈਣ ਭਰਾ, ਪੂਰੇ ਹੋ ਜਾਂਦੇ ਸਭ ਚਾਅ।
ਬਹੁਤੇ ਨੂੰ ਜੇ ਥੋਹੜੇ ਖਾਂਦੇ, ਜੀਵਨ ਦੀ ਫਿਰ ਮੌਜ ਉਡਾਂਦੇ।
ਰਾਜਾ ਸਭ ਤੋਂ ਹੈ ਗੱਲ ਚੰਗੀ, ਇਕ ਦੋ ਹੀ ਬੱਸ ਹੋਣ ਭੁਝੰਗੀ।

ਪੁੱਤ ਸੱਪਾਂ ਦੇ

ਪੁੱਤ ਸੱਪਾਂ ਦੇ ਜ਼ਹਿਰ ਨੂੰ ਛੱਡਦੇ ਨਹੀ, ਭਾਵੇਂ ਕਿੰਨਾ ਹੀ ਦੁੱਧ ਪਿਆਈਏ ਜੀ।
ਅੱਕ ਕਦੇ ਨਹੀ ਅੰਬਾਂ ਸਮਾਨ ਹੁੰਦੇ, ਭਾਵੇਂ ਖੰਡ ਵਾਲਾ ਪਾਣੀ ਪਾਈਏ ਜੀ।
ਚਾਚੇ ਤਾਏ ਨਹੀ ਪਿਤਾ ਸਮਾਨ ਬਣਦੇ, ਭਾਵੇਂ ਕਿੰਨਾਂ ਹੀ ਪਿਆਰ ਵਧਾਈਏ ਜੀ।
ਮਿੱਤਰ ਕਦੇ ਨਹੀਂ ਵੀਰਾਂ ਸਮਾਨ ਹੁੰਦੇ, ਭਾਵੇਂ ਰੋਜ ਪਏ ਜਫੀਆਂ ਪਾਈਏ ਜੀ।
ਸੱਤ ਪੀੜੀਆਂ ਵੈਰੀ ਨਾ ਵੈਰ ਛੱਡੇ, ਭਾਵੇਂ ਜਿੰਦੜੀ ਘੋਲ ਘੁਮਾਈਏ ਜੀ।
ਜਵਾਈ ਕਦੇ ਨਹੀ ਪੁੱਤਾਂ ਸਮਾਨ ਬਣਦੇ, ਭਾਵੇਂ ਕਿੰਨਾਂ ਹੀ ਕੋਲ ਬਹਾਈਏ ਜੀ।
ਕਦੇ ਮੂਰਖਾਂ ਤਾਂਈ ਨਹੀ ਮੱਤ ਔਂਦੀ, ਭਾਵੇਂ ਕਿੰਨਾਂ ਹੀ ਮਗਜ ਖਪਾਈਏ ਜੀ।
ਛਾਂ ਨਹੀਂ ਜਵਾਂਹ ਦੀ ਮਾਣ ਹੁੰਦੀ, ਭਾਂਵੇ ਬਾਗਾਂ ਦੇ ਵਿੱਚ ਲਗਾਈਏ ਜੀ।
ਅੰਬ ਵੱਢ ਜੋ ਅੱਕਾਂ ਨੂੰ ਵਾੜ ਦੇਵੇ, ਦਸੋ ਉਸ ਦੀ ਕੀ ਦਨਾਈਏ ਜੀ।
ਫੁੱਟ ਪਾਕੇ ਖੁਸ਼ੀ ਮਨਾਏ ਜਿਹੜਾ, ਨੇੜੇ ਉਸਦੇ ਮੂਲ ਨਾ ਜਾਈਏ ਜੀ।
ਹੋਕੇ ਆਪਨਾ ਹੀ ਜਿਹੜਾ ਦਏ ਧੋਖਾ, ਆਸ ਉਸ ਤੋਂ ਕੀ ਰਖਾਈਏ ਜੀ।
ਖਾ ਪੀਕੇ ਨਿਮਕ ਹਰਾਮ ਹੋਵੇ, ਕੰਡ ਉਸਦੇ ਵੱਲੋਂ ਭਵਾਈਏ ਜੀ।
ਹੁੰਦਾ ਬਿਖ ਨਹੀ ਅੰਮ੍ਰਿਤ ਸਮਾਨ ਰਾਜਾ, ਭਾਵੇਂ ਮਿਸ਼ਰੀ ਘੋਲ ਗਵਾਈਏ ਜੀ।

ਬੋਲਿਆਂ ਦਾ ਟੱਬਰ

ਇੱਕ ਪਿੰਡ ਵਿੱਚ ਸ਼ਹਿਰ ਦੇ ਐਣ ਨੇੜੇ,
ਟੱਬਰ ਬੋਲਿਆਂ ਦਾ ਇੱਕ ਵਸਦਾ ਸੀ।
ਆਵੇ ਸਮਝ ਨਾ ਇੱਕ ਨੂੰ ਦੂਸਰੇ ਦੀ,
ਤੱਕ ਮੂੰਹ ਵਲੇ ਝੱਟ ਹੱਸਦਾ ਸੀ।
ਮੰਗੇ ਰੋਟੀ ਜੋ ਉਸਨੂੰ ਦੇਣ ਪਾਣੀ,
ਪਾਣੀ ਮੰਗੇ ਤੇ ਦਾਲ ਸੀ ਪਾਈ ਜਾਂਦੇ।
ਸਮਝ ਗੱਲ ਦੀ ਘੱਟ ਹੀ ਆਂਵਦੀ ਸੀ,
ਨਾਲ ਸੈਨਤਾਂ ਦਿਨ ਟਪਾਈ ਜਾਂਦੇ।
ਕੁਦਰਤ ਨਾਲ ਇਕ ਦਿਨ ਪੁੱਤਰ ਬੋਲਿਆ ਦੇ,
ਹੱਲ ਆਪਣੇ ਖੇਤ ਵਿੱਚ ਜੋੜਿਆ ਸੀ।
ਲਾਗੋਂ ਲੰਘਿਆ ਇੱਕ ਸਿਪਾਹੀ ਜਾਵੇ,
ਮੂੰਹ ਉਸ ਵੱਲੋਂ ਉਹਨੇ ਮੋੜਿਆ ਸੀ।
ਝੱਟ ਕਿਹਾ ਸਿਪਾਹੀ ਨੇ ਦੱਸ ਮੈਨੂੰ,
ਆਹ ਰਾਹ ਕਿਹੜੇ ਪਿੰਡ ਜਾਂਵਦਾ ਏ।
ਇੱਕ ਬੈਲ ਦਿੱਤਾ ਮੇਰੇ ਸਹੁਰਿਆਂ ਨੇ,
ਦੂਜਾ ਘਰ ਦਾ ਆਖ ਸੁਣਾਵਦਾ ਏ।
ਸੁਣੀ ਜਦੋਂ ਸਿਪਾਹੀ ਨੇ ਗੱਲ ਏਨੀ,
ਝੱਟ ਉਸਦੇ ਕੋਲ ਉਹ ਆ ਗਿਆ ਸੀ।
ਆਖਣ ਲੱਗਾ ਮਖੌਲ ਤੂੰ ਕਰੇਂ ਮੈਨੂੰ,
ਇੰਝ ਆਕੇ ਬੈਂਤ ਖੜਕਾ ਗਿਆ ਸੀ।
ਡੰਡਾ ਮਾਰ ਸਿਪਾਹੀ ਨੇ ਰਾਹ ਫੜਿਆ,
ਸੋਚਾਂ ਦਿਲ ਵਿਚ ਪਿਛੋਂ ਦੜਾਨ ਲੱਗਾ।
ਬੈਲ ਚੋਰੀ ਦਾ ਹੋਣਾ ਏ ਸਹੁਰਿਆਂ ਦਾ,
ਘੋੜੇ ਮਨ ਦੇ ਖੂਬ ਭਜਾਣ ਲੱਗਾ।
ਏਨੇ ਚਿਰ ਨੂੰ ਓਸ ਦੇ ਘਰ ਵਾਲੀ,
ਰੋਟੀ ਲੈ ਕੇ ਖੇਤ ਵੱਲ ਆਈ ਹੈਸੀ।

ਪਾਂਗਾਂ ਲੰਮੀਆਂ ਪੁੱਟ ਕੇ ਨਾਲ ਤੇਜੀ,
ਪਹੁੰਚੀ ਕੋਲ ਉਸਦੇ ਵਾਹੋ ਦਾਹੀ ਹੈਸੀ।
ਜਦੋਂ ਤੱਕਿਆ ਓਸ ਨੇ ਆਈ ਵਹੁਟੀ,
ਪਾਰਾ ਇੱਕ ਸੌ ਤਿੰਨ ਤੇ ਚੜ੍ਹ ਗਿਆ ਸੀ।
ਆਕੇ ਨਾਲ ਹੁਸ਼ਿਆਰੀ ਝੱਟ ਕੋਲ ਓਹਦੇ,
ਥੱਪੜ ਦੋ ਤਿੰਨ ਉਸ ਦੇ ਜੜ ਗਿਆ ਸੀ।
ਰੋਟੀ ਖਾਣੀ ਤਾਂ ਉਸ ਨੂੰ ਭੁੱਲ ਗਈ ਸੀ,
ਵਹੁਟੀ ਨਾਲ ਸੀ ਝੱਟ ਪੱਟ ਲੜਨ ਲੱਗਾ।
ਲਾਲ ਪੀਲਾ ਹੋ ਕੇ ਉਹਨੂੰ ਆਖਦਾ ਏ,
ਬੈਲ ਚੋਰੀ ਦਾ ਸਿਰੇ ਸੀ ਚੜਨ ਲੱਗਾ।
ਗਿਆ ਅੱਜ ਸਿਪਾਹੀ ਪਛਾਣ ਇਹਨੂੰ,
ਚਾਹਟਾ ਮੈਨੂੰ ਵੀ ਨਾਲੇ ਛਕਾ ਗਿਆ ਨੀ।
ਪਤਾ ਨਹੀ ਕੀ ਬੀਤੇਗੀ ਨਾਲ ਮੇਰੇ,
ਥਾਣੇਦਾਰ ਵੀ ਏਥੇ ਜੇ ਆ ਗਿਆ ਨੀ।
ਹੱਲ ਛੱਡਕੇ ਜੇ ਮੈਂ ਕਿਤੇ ਚਲਾ ਜਾਵਾਂ,
ਦਿਹਾੜੀ ਅੱਜ ਦੀ ਵੀ ਸਾਰੀ ਭਜਦੀ ਏ।
ਜੇਕਰ ਰਹਾਂ ਤੇ ਪਤਾ ਨਹੀ ਕਿਸ ਵੇਲੇ,
ਹੱਥਕੜੀ ਆਕੇ ਮੈਨੂੰ ਵਜਦੀ ਏ।
ਵਹੁਟੀ ਤਾਂਈ ਨਾ ਗਲ ਦੀ ਸਮਝ ਆਈ,
ਅਗੋਂ ਉਸ ਨੂੰ ਆਖ ਸੁਣਾਣ ਲੱਗੀ।
ਕੀ ਹੋਇਆ ਜੇ ਰਤਾ ਕੁਵੇਲ ਹੋ ਗਈ,
ਤੇਰੀ ਜਿੰਦ ਕਿਉਂ ਐਵੇਂ ਘਬਰਾਨ ਲੱਗੀ।
ਰੋਟੀ ਦੇਂਦਿਆਂ ਸਾਰ ਹੀ ਵਕਤ ਓਸੇ,
ਝੱਟ ਪਟ ਉਹ ਪਿੰਡ ਵਲ ਧਾਈ ਹੈਸੀ।
ਸੋਚਾਂ ਸੋਚਦੀ ਆਪਣੇ ਮਨ ਅੰਦਰ,
ਛੇਤੀ ਨਾਲ ਉਹ ਘਰ ਵਿੱਚ ਆਈ ਹੈਸੀ।
ਘਰ ਆਈ ਤੇ ਸੱਸ ਨੂੰ ਕਹਿਣ ਲਗੀ,
ਅੱਜ ਪੁੱਤ ਤੇਰੇ ਮੈਨੂੰ ਮਾਰਿਆ ਏ।
ਕਹਿਨ ਲਗਾ ਕਿਉਂ ਅਜ ਕੁਵੇਲ ਕੀਤੀ,
ਗਾਹਲਾਂ ਕੱਢਦਾ ਨਾ ਉਹ ਹਾਰਿਆ ਏ।
ਅੱਗੇ ਸੱਸ ਬੈਠੀ ਚਰਖਾ ਕਤਦੀ ਸੀ,
ਉਸਨੇ ਜਰਾ ਨਾ ਸੋਚ ਵਿਚਾਰਿਆ ਏ।

ਮੈਥੋਂ ਕਤੀਦਾ ਨਹੀ ਬਰੀਕ ਇਸਤੋਂ,
ਚਰਖਾ ਚੁਕਕੇ ਪੈਰਾਂ 'ਚ ਮਾਰਿਆ ਏ।
ਬੁੜ ਬੁੜ ਉਹ ਕਰਦੀ ਉਠ ਕੇ ਤੇ,
ਛੇਤੀ ਵੱਲ ਹਵੇਲੀ ਦੇ ਆਈ ਹੈਸੀ।
ਨੂੰਹ ਔਂਦਿਆਂ ਸਾਰ ਹੀ ਲੜਨ ਲਗੀ,
ਸਾਰੀ ਬੁੱਢੇ ਨੂੰ ਗਲ ਸਮਝਾਈ ਹੈਸੀ।
ਮੈਨੂੰ ਆਖਦੀ ਏ ਮੋਟਾ ਕਤਦੀ ਏਂ,
ਮੈਨੂੰ ਸਮਝ ਉਸਦੀ ਇਹ ਆਈ ਹੈ ਵੇ।
ਉਹਦਾ ਮੂੰਹ ਨਹੀਂ ਥਕਦਾ ਲੜੀ ਜਾਂਦੇ,
ਪਤਾ ਨਹੀਂ ਕਿਸ ਢੀਠ ਦੀ ਜਾਈ ਹੈ ਵੇ।
ਬੁੱਢਾ ਵੱਟ ਦਾ ਪਿਆ ਸੀ ਵਾਣ ਅੱਗੇ,
ਉਹਨੇ ਸਮਝਿਆ ਕਿ ਮੈਨੂੰ ਆਖਦੀ ਏ।
ਕਿਉਂ ਵੱਟ ਦਾ ਪਿਆ ਹੈ ਵਾਣ ਮੋਟਾ,
ਇਹ ਸੁਖਨ ਜੁਬਾਨ ਤੋਂ ਭਾਖਦੀ ਏ।
ਢੇਰਾ ਚੁੱਕਕੇ ਬੁੱਢੀ ਦੇ ਸੁੱਟ ਅੱਗੇ,
ਆਖੇ ਮੈਨੂੰ ਨਾ ਐਵੇਂ ਪਈ ਤਾ ਆਕੇ।
ਮੈਥੋਂ ਕਤੀ ਦਾ ਨਹੀਂ ਬਰੀਕ ਇਸਤੋਂ,
ਕਿਸੇ ਖਸਮ ਤੋਂ ਮੀਨ੍ਹ ਵਟਾ ਜਾਕੇ।
ਗਲ ਕੀ ਤੇ ਕੀ ਬਣਾਈ ਉਹਨਾਂ,
ਬਿਨਾ ਸਮਝ ਲੜਾਈ ਵਧਾਈ ਹੈਸੀ।
ਹਰਭਜਨ ਸਿੰਘਾ ਵੇਖੋ ਟੱਬਰ ਬੋਲਿਆਂ ਦਾ,
ਕਿਵੇਂ ਟਿੱਬੀ ਪਹਾੜ ਬਨਾਈ ਹੈਸੀ।

ਵਿਰਲੇ

ਯਾਰੀ ਪਾ ਲੈਣੀ ਹੁੰਦੀ ਬਹੁਤ ਸੌਖੀ,
ਯਾਰੀ ਪਾਲ ਕੇ ਯਾਰ ਨਿਭਾਣ ਵਿਰਲੇ।
ਜੋਗ ਧਾਰ ਲੈਣਾ ਵੱਡੀ ਗਲ ਕੋਈ ਨਹੀ,
ਪੂਰਨ ਵਾਂਗਰਾਂ ਜੋਗ ਕਮਾਣ ਵਿਰਲੇ।
ਗਊ ਅਤੇ ਗਰੀਬ ਦੀ ਰੱਖਿਆ ਲਈ,
ਰਸੇ ਫਾਸੀਆਂ ਦੇ ਗਲੇ ਪਾਣ ਵਿਰਲੇ।
ਧੰਨਵਾਨ ਤਾਂ ਹੁੰਦੇ ਨੇ ਬਹੁਤ ਭਾਵੇਂ,
ਧੰਨ ਵੰਡਕੇ ਖਾਣ ਖੁਆਣ ਵਿਰਲੇ।
ਸੇਵਾ ਸੱਜਨਾ ਦੀ ਕਰਨੀ ਬਹੁਤ ਸੌਖੀ,
ਐਪਰ ਵੈਰੀ ਨੂੰ ਮੱਲਮ ਲਗਾਣ ਵਿਰਲੇ।
ਕਵਿਤਾ ਕਿਸੇ ਦੀ ਲਿਖੀ ਏ ਪੜ੍ਹਨ ਸੌਖੀ,
ਲਿਖਕੇ ਆਪ ਸਟੇਜਾਂ ਤੇ ਗਾਣ ਵਿਰਲੇ।
ਮਾਤਾ ਪਿਤਾ ਦੇ ਪੁੱਤਰ ਹੀ ਹੈਨ ਸੱਭੇ,
ਮਾਤਾ ਪਿਤਾ ਦੀ ਯਾਦ ਮਨਾਣ ਵਿਰਲੇ।
ਸੰਤ ਅਤੇ ਅਖਵਾਵਣਾ ਭਗਤ ਸੌਖਾ,
ਕਬੀਰ ਵਾਂਗਰਾ ਹਿਰਦੇ ਵਸਾਣ ਵਿਰਲੇ।
ਪੂਜਾ ਪੱਥਰਾਂ ਦੀ ਕਰਨੀ ਬਹੁਤ ਸੌਖੀ,
ਰੱਬ ਪੱਥਰਾਂ ਦੇ ਵਿਚੋਂ ਪਾਣ ਵਿਰਲੇ।
ਭੇਟਾ ਪੈਸਿਆਂ ਦੀ ਕਰਨੀ ਹੈ ਸੌਖੀ,
ਐਪਰ ਸੀਸ ਦੀ ਭੇਟ ਚੜ੍ਹਾਣ ਵਿਰਲੇ।
ਸੁੱਚ ਸੋਧ ਮਰਿਯਾਦਾ ਨੂੰ ਕਰ ਧਾਰਨ,
ਆਪ ਜਪਨ ਤੇ ਅਵਰੈ ਜਪਾਨ ਵਿਰਲੇ।
ਗੁਰੂ ਬਣ ਗੱਦੀ ਲੌਂਦੇ ਕਈ ਵੇਖੇ,
ਚੌਰ ਸੀਸ ਦੇ ਉਤੇ ਝਲਵਾਣ ਵਿਰਲੇ।
ਰਾਮ ਰਾਮ ਜਪਨਾ ਹੈ ਜੇ ਬਹੁਤ ਸੌਖਾ,
ਛਾਤੀ ਪਾੜਕੇ ਰਾਮ ਵਖਾਣ ਵਿਰਲੇ।

ਸੁਰਮਾਂ ਪਾ ਲੈਣਾ ਅੱਖੀਂ ਬਹੁਤ ਸੌਖਾ,
ਅੱਕ ਅੱਖੀਆਂ ਵਿੱਚ਼ ਚੁਆਣ ਵਿਰਲੇ।
ਡੀਂਗ ਮਾਰ ਲੈਣੀ ਰਾਜਾ ਬਹੁਤ ਸੌਖੀ,
ਭੀੜ ਬਣੇ ਮੈਦਾਨ ਵਿੱਚ ਜਾਣ ਵਿਰਲੇ।

ਕੀ ਫਾਇਦਾ

ਪਹਿਲਾਂ ਜਿਨੂੰ ਘਰਕਾ ਕਿ ਘਾਇਲ ਕਰੀਏ,
ਪਿਛੋਂ ਦਰਦ ਵੰਡੌਣ ਦਾ ਕੀ ਫਾਇਦਾ।
ਪਹਿਲਾਂ ਜੜ੍ਹਾਂ ਤੋਂ ਦਾਤਰੀ ਫੇਰ ਕੇ ਤੇ,
ਪਿਛੋਂ ਪਾਣੀ ਪਵੌਣ ਦਾ ਕੀ ਫਾਇਦਾ।
ਤਿੱਖੀ ਛੁਰੀ ਨਾਲ ਬਦਨ ਤੇ ਜ਼ਖ਼ਮ ਕਰਕੇ,
ਪਿਛੋਂ ਮੱਲਮ ਲਗੌਣ ਦਾ ਕੀ ਫਾਇਦਾ।
ਪਹਿਲਾਂ ਅੱਖੀਆਂ ਦੇ ਵਿੱਚ ਅੱਕ 'ਚੋ ਕੇ,
ਪਿਛੋਂ ਦਾਰੂ ਪਵੌਣ ਦਾ ਕੀ ਫਾਇਦਾ।
ਪਹਿਲਾਂ ਵਾਂਗ ਤੰਦੂਰ ਤਪਾ ਕੇ ਤੇ,
ਠੰਡੇ ਪਾਣੀ ਨਵੌਣ ਦਾ ਕੀ ਫਾਇਦਾ।
ਜਿਹੜਾ ਰਾਜਾ ਨਿਆਂ ਨਾ ਕਰ ਸਕੇ,
ਉਹਦੇ ਰਾਜ ਕਮਾਉਣ ਦਾ ਕੀ ਫਾਇਦਾ।
ਜਿਸਦੀ ਨਿੰਦਿਆ ਪਹਿਲਾਂ ਕਰਵਾਈ ਜਾਵੇ,
ਫੇਰ ਸੋਭਾ ਕਰਵੌਣ ਦਾ ਕੀ ਫਾਇਦਾ।
ਪਹਿਲਾਂ ਜਿਸਮ ਦਾ ਖ਼ੂੰਨ ਨਚੋੜ ਕੇ ਤੇ,
ਪਿਛੋਂ ਖ਼ੂੰਨ ਝੜੌਣ ਦਾ ਕੀ ਫਾਇਦਾ।
ਜਿਹੜਾ ਮਰਦ ਪਛਾਣੇ ਨਾ ਫਰਜ਼ ਆਪਣਾ,
ਉਹਦੇ ਮਰਦ ਅਖਵੌਣ ਦਾ ਕੀ ਫਾਇਦਾ।
ਜਿਹੜੀ ਨਾਰ ਨਾ ਪਤੀ ਦੀ ਕਰੇ ਸੇਵਾ,
ਉਹਨੂੰ ਤੀਰਥੀਂ ਭੌਣ ਦਾ ਕੀ ਫਾਇਦਾ।
ਜਿਹੜੀ ਬੇੜੀ ਲਗਾਏ ਨਾ ਪਤਣਾ ਤੇ,
ਉਸਤੇ ਪੈਰ ਟਕੌਣ ਦਾ ਕੀ ਫਾਇਦਾ।
ਘੁੱਟ ਪਾਣੀ ਲਈ ਤਰਸ ਕੇ ਮਰ ਗਿਆ ਜੋ,
ਪਿਛੋਂ ਬਰਸੀ ਮਨੌਣ ਦਾ ਕੀ ਫਾਇਦਾ।
ਜਿਸ ਦਰ ਤੇ ਹੋਵੇ ਨਾ ਆਸ ਪੂਰੀ,
ਉਥੇ ਅਲਖ ਜਗੌਣ ਦਾ ਕੀ ਫਾਇਦਾ।

ਜਿਹੜੀ ਬੀਨ ਤੇ ਨਾਗ ਨਾ ਮਸਤ ਹੋਵੇ,
ਐਸੀ ਬੀਨ ਵਜੌਣ ਦਾ ਕੀ ਫਾਇਦਾ।
ਜਿੱਥੇ ਕਵਿਤਾ ਦੀ ਹੋਵੇ ਨਾ ਕਦਰ ਰਾਜਾ,
ਉਥੇ ਕਵਿਤਾ ਸਨੌਣ ਦਾ ਕੀ ਫਾਇਦਾ।

ਕਿੱਥੇ ਕੋਈ ਖੁਸ਼ ਰਹਿੰਦਾ ਏ

ਬੇ-ਬਾਗ ਅੰਦਰ ਫੁੱਲ ਖੁਸ਼ ਰਹਿੰਦਾ,
ਬੂਟਾ ਅੰਬ ਦਾ ਖੁਸ਼ ਵਿੱਚ ਕੇਲਿਆਂ ਦੇ।
ਦੁਕਾਨਦਾਰ ਦੁਕਾਨ ਵਿੱਚ ਖੁਸ਼ ਰਹਿੰਦਾ,
ਡਰਾਇਵਰ ਖੁਸ਼ ਰਹਿੰਦਾ ਵਿੱਚ ਠੇਲਿਆਂ ਦੇ।
ਹਰ ਕੋਈ ਵਿਆਹ ਵਿੱਚ ਖੁਸ਼ ਰਹਿੰਦਾ,
ਮੂਰਖ ਖੁਸ਼ ਰਹੇ ਵਿੱਚ ਝਮੇਲਿਆਂ ਦੇ।
ਬ੍ਰਹਮ ਗਿਆਨੀ ਵੈਰਾਗ ਵਿੱਚ ਖੁਸ਼ ਰਹਿੰਦਾ,
ਸ਼ੇਰ ਖੁਸ਼ ਰਹਿੰਦਾ ਵਿੱਚ ਬੇਲਿਆਂ ਦੇ।
ਹਰਨ ਖੁਸ਼ ਅੰਗੂਰੀਆਂ ਵਿੱਚ ਰਹਿੰਦਾ,
ਬਗਿਆੜ ਖੁਸ਼ ਰਹਿੰਦਾ ਵਿੱਚ ਲੇਲਿਆਂ ਦੇ।
ਸਾਧੂ ਸੰਤ ਇਕਾਂਤ ਵਿੱਚ ਖੁਸ਼ ਰਹਿੰਦੇ,
ਗੁਰੂ ਖੁਸ਼ ਰਹਿੰਦਾ ਵਿੱਚ ਚੇਲਿਆਂ ਦੇ।
ਡਾਕਟਰ ਮਰੀਜ਼ਾਂ ਵਿੱਚ ਖੁਸ਼ ਰਹਿੰਦਾ,
ਸੁਰਮਾਂ ਖੁਸ਼ ਰਹਿੰਦਾ ਵਿੱਚ ਡੇਲਿਆਂ ਦੇ।
ਦਾਨੀ ਦਾਨ ਕਰਕੇ ਸਦਾ ਖੁਸ਼ ਰਹਿੰਦਾ,
ਰਾਜਾ ਖੁਸ਼ ਰਹਿੰਦਾ ਵਿੱਚ ਮੇਲਿਆਂ ਦੇ।

ਮੇਰੇ ਦੇਸ਼ ਤੇ ਸਦਾ ਬਹਾਰ ਹੋਵੇ

ਹੋਏ ਦੂਰ ਗੁਰਬਤ ਇਹੋ ਦਿਲ ਚਹੁੰਦੈ,
ਹਰ ਜੀ ਤੇ ਨਵਾਂ ਨਖਾਰ ਹੋਵੇ।
ਦਿਲ ਕਿਸੇ ਗਰੀਬ ਦਾ ਨਾ ਦੁੱਖੇ,
ਇੱਕ ਦੂਸਰੇ ਲਈ ਗੱਮਖ਼ਾਰ ਹੋਵੇ।
ਹਰ ਪਾਸਿਉਂ ਖੁਸ਼ੀ ਹੀ ਨਜ਼ਰ ਆਵੇ,
ਅਤੇ ਸੱਚ ਦਾ ਸਦਾ ਵਪਾਰ ਹੋਵੇ।
ਝਗੜਾ ਦੂਈ ਦਵੈਤ ਦਾ ਮਿਟ ਜਾਵੇ,
ਤਕੜਾ ਮਾੜੇ ਦਾ ਸਦਾ ਦਿਲਦਾਰ ਹੋਵੇ।
ਕੱਢ ਭੈੜੀਆਂ ਵਾਦੀਆਂ ਦਿਲ ਵਿਚੋਂ,
ਨਾਮ ਬਾਨੀ ਦਾ ਸਦਾ ਅਹਾਰ ਹੋਵੇ।
ਖਿਜ਼ਾ ਆਪਣੇ ਆਪ ਹੀ ਕੂਚ ਕਰ ਜਾਏ,
ਮੇਰੇ ਦੇਸ਼ ਤੇ ਸਦਾ ਬਹਾਰ ਹੋਵੇ।

ਹੱਕ ਬੇਹੱਕ ਦੀ ਸਦਾ ਪਛਾਣ ਹੋਵੇ,
ਵੱਢੀ ਖੋਰ ਨਾ ਸਾਡੀ ਸਰਕਾਰ ਹੋਵੇ।
ਹਾਕਮ ਰਿਸ਼ਵਤਾਂ ਜੇ ਕਰ ਖਾਣ ਨਾਹੀ,
ਤਾਹੀਂ ਦੇਸ਼ ਦਾ ਉੱਚਾ ਮਿਆਰ ਹੋਵੇ।
ਚਾਹੀਏ ਹਰ ਇਨਸਾਨ ਨੂੰ ਕਿਰਤ ਕਰਨੀ,
ਫਿਰਦਾ ਕੋਈ ਨਾ ਬੇਰੁਜ਼ਗਾਰ ਹੋਵੇ।
ਵੰਡਣ ਵਾਸਤੇ ਪੀੜ ਮਾਨੁਖਤਾ ਦੀ,
ਏਥੇ ਹਰ ਮਾਨੁਖ ਤਿਆਰ ਹੋਵੇ।
ਸ਼ਾਂਤ ਮਈ ਹਰ ਪਾਸਿਉਂ ਨਜ਼ਰ ਆਵੇ,
ਸੋਭਾ ਦੇਸ਼ ਦੀ ਅਪ੍ਰੰਪਾਰ ਹੋਵੇ।
ਹਰ ਦਿਲ ਦੇ ਵਿਚੋਂ ਖੁਸ਼ਬੋ ਆਵੇ,
ਮੇਰੇ ਦੇਸ਼ ਤੇ ਸਦਾ ਬਹਾਰ ਹੋਵੇ।

ਹਰ ਇੱਕ ਇਨਸਾਨ ਦਾ ਫ਼ਰਜ਼ ਬਣਦੈ,
ਦੇਸ਼ ਆਪਣੇ ਉਤੋਂ ਕੁਰਬਾਨ ਹੋ ਜਾਏ।
ਕਤਰਾ-ਕਤਰਾ ਨਾ ਗਊ ਦੇ ਹੋਣ ਜਾਏ,
ਭਾਂਵੇਂ ਆਪਣਾ ਆਪ ਵੀਰਾਨ ਹੋ ਜਾਏ।
ਲੈਣੇ ਪੈਣ ਝੂਟੇ ਭਾਵੇਂ ਫਾਂਸੀਆਂ ਦੇ,
ਲਗਾ ਹੋਇਆ ਗੁਲਾਮੀ ਨੀਸ਼ਾਨ ਧੋ ਜਾਏ।
ਜਿੰਦ ਵਾਰਕੇ ਐਸਾ ਕੋਈ ਚੰਨ ਚਾਹੜਣੇ,
ਜਿਸਦੇ ਨਾਲ ਜਹਾਨ ਵਿੱਚ ਲੋ ਹੋ ਜਾਏ।
ਲੁੱਟੇ ਜਾਣ ਸੁਹਾਗ ਨਾ ਔਰਤਾਂ ਦੇ,
ਹਰ ਇੱਕ ਦੀ ਏਹੋ ਵਿਚਾਰ ਹੋਵੇ।
ਘਾਤੀ ਕੌਮ ਦਾ ਨਾ ਕੋਈ ਨਜ਼ਰ ਆਵੇ,
ਮੇਰੇ ਦੇਸ਼ ਤੇ ਸਦਾ ਬਹਾਰ ਹੋਵੇ।

ਮੁੱਕੇ ਦਾਜ ਦਹੇਜ ਦੀ ਰੀਤ ਭੈੜੀ,
ਸੁਖੀ ਦੇਸ਼ ਦਾ ਸਭ ਨਰ ਨਾਰ ਹੋਵੇ।
ਸੱੜ ਭੁਜਕੇ ਮਰੇ ਨਾ ਕੋਈ ਦੇਵੀ,
ਰੁਸਿਆ ਕਿਸੇ ਦਾ ਨਾ ਦਿਲਦਾਰ ਹੋਵੇ।
ਵੱਢੀ ਜਾਏ ਫਸਾਦ ਦੀ ਜੜ੍ਹ ਮੁੱਢੋਂ,
ਰਾਜ ਅਮਨ ਦਾ ਬਰਕਰਾਰ ਹੋਵੇ।
ਪਾਟੋ ਧਾੜ ਦੀ ਪੱਟੀ ਨੂੰ ਪੜ੍ਹੇ ਕੋਈਂ ਨਾ,
ਆਪੋ ਵਿੱਚ ਸਭਦਾ ਗੂਹੜਾ ਪਿਆਰ ਹੋਵੇ।
ਸਭੇ ਆਨ ਫਿਰ ਸਿਜਦੇ ਕਰਨ ਏਥੇ,
ਭਾਰਤ ਵਰਸ਼ ਦਾਂ ਸੱਦਾ ਸਤਿਕਾਰ ਹੋਵੇ।
ਸਭੇ ਭਰਮ ਹਰਭਜਨ ਸਿੰਘ ਦੂਰ ਹੋਵਨ,
ਮੇਰੇ ਦੇਸ਼ ਤੇ ਸਦਾ ਬਹਾਰ ਹੋਵੇ।

ਨਹੀਂ ਰੁਕ ਸਕਦੇ

ਰਵ ਚੰਦ ਨਹੀ ਰੋਕਿਆਂ ਕਦੀ ਰੁਕਦੇ,
ਨਾ ਹੀ ਵਹਿਣ ਦਰਆਵਾਂ ਦੇ ਰੁਕ ਸਕਦੇ।
ਵੱਗਦੇ ਰਾਹ ਵੀ ਕਦੇ ਨਹੀ ਬੰਦ ਹੁੰਦੇ,
ਨਹੀ ਕਿੱਲੇ ਬਜ਼ਾਰਾਂ ਵਿੱਚ ਠੁਕ ਸਕਦੇ।
ਬੂਟੇ ਪਿਆਰ ਦੇ ਹੱਥੀਂ ਜੇ ਹੋਣ ਲਾਏ,
ਸੁਕਾਇਆ ਕਿਸੇ ਦੇ ਨਹੀ ਉਹ ਸੁੱਕ ਸਕਦੇ।
ਘਰ ਜਿੰਨਾਂ ਦੇ ਭੁੱਜਦੀ ਭੰਗ ਹੋਵੇ,
ਨਹੀ ਸੌਦੇ ਹਜ਼ਾਰਾਂ ਦੇ ਚੁੱਕ ਸਕਦੇ।
ਸ਼ੇਰ ਕਦੇ ਨਹੀ ਘੁਰਨਿਆਂ ਵਿੱਚ ਲੁੱਕੇ,
ਗਿੱਦੜ ਬੇਲਿਆਂ ਵਿੱਚ ਨਹੀਂ ਬੁੱਕ ਸਕਦੇ।
ਖਾਧੀ ਜਿੰਨਾਂ ਨਾ ਕਦੀ ਨਾ ਖੁਰਾਕ ਹੋਵੇ,
ਬੁਗਦਰ ਨਹੀਂ ਅਖਾੜੇ ਵਿੱਚ ਚੁੱਕ ਸਕਦੇ।
ਪੀਣ ਦੁੱਧ ਘਿਉ ਤੇ ਕਰਨ ਕਸਰਤ,
ਉਹ ਨਹੀ ਵਿੱਚ ਅਖਾੜਿਆਂ ਲੁੱਕ ਸਕਦੇ।
ਕੋਲ ਜਿੰਨਾਂ ਦੇ ਲਾਲਾਂ ਦੀ ਖਾਨ ਹੋਵੇ,
ਦਾਨ ਕਰਨੋਂ ਉਹ ਕਦੇ ਨਹੀਂ ਰੁੱਕ ਸਕਦੇ।
ਜਿਹੜੇ ਹੋਣ ਨਿਸ਼ਾਨਿਆਂ ਵਿੱਚ ਪੂਰੇ,
ਉਹ ਨਹੀਂ ਕਦੇ ਨਿਸ਼ਾਨਿਓ ਉੱਕ ਸਕਦੇ।
ਜਿਹੜੇ ਮੀਟ ਸ਼ਰਾਬ ਤੇ ਨਸ਼ਾ ਕਰਦੇ,
ਜੋੜ ਉਹ ਨਹੀਂ ਮਾਇਆ ਦੇ ਬੁੱਕ ਸਕਦੇ।
ਭੈੜੇ ਕੰਮਾਂ ਤੋਂ ਜਿਹੜੇ ਨਹੀਂ ਬਾਜ ਔਂਦੇ,
ਝੱਗੜੇ ਉਹਨਾਂ ਦੇ ਕਦੇ ਨਹੀਂ ਮੁੱਕ ਸਕਦੇ।
ਲੱਗੇ ਹੋਣ ਗੁਲਾਮੀ ਦੇ ਦਾਗ ਜੇਕਰ,
ਖ਼ੂੰਨ ਡੋਲ੍ਹਿਆਂ ਬਿਨਾਂ ਨਹੀਂ ਧੁੱਪ ਸਕਦੇ।

ਚੁਗਲ ਖੋਰ ਤੇ ਕਰਨ ਜੋ ਬੇਈਮਾਨੀ,
ਉਹਦੇ ਗੇੜ ਚੁਰਾਸੀ ਨਹੀਂ ਮੁੱਕ ਸਕਦੇ।
ਭਜਨ ਸਿੰਘਾ ਜੇ ਰੱਬ ਦੀ ਮੇਹਰ ਹੋਵੇ,
ਤਾਂਹੀ ਭਰਮਾ ਦੇ ਗੇੜ ਨੇ ਮੁੱਕ ਸਕਦੇ।

ਬਹਾਦਰ ਮੁੰਡਾ

ਇੱਕ ਰਲ ਮਿਲ ਬੈਠੀ ਰਾਤ ਨੂੰ ਮੁੰਡਿਆਂ ਦੀ ਢਾਣੀ।
ਉਹ ਗੱਪਾਂ ਹਸ਼ੱਪਾਂ ਮਾਰਦੇ, ਰਲ ਹਾਣੀ ਹਾਣੀ।
ਗੱਲਾਂ ਕਰਦਿਆਂ ਰਾਤ ਸੀ, ਜਦ ਅੱਧੀ ਬੀਤੀ।
ਫਿਰ ਸੌਣ ਵਾਸਤੇ ਉਹਨਾਂ ਨੇ, ਤਿਆਰੀ ਕੀਤੀ।
ਏਨੇ ਚਿਰ ਨੂੰ ਅੰਦਰ ਸੀ, ਕੁੱਝ ਹੋਇਆ ਖੜਕਾ।
ਆਖਣ ਅੰਦਰ ਚੋਰ ਹੈ, ਦਿਲ ਸਭ ਦਾ ਧੜਕਾ।
ਹੱਥ ਵਿੱਚ ਲੈ ਪਸਤੌਲ ਸੀ, ਉਹ ਉਠਿਆ ਯੋਧਾ।
ਇੱਕ ਹੱਥ ਲੈ ਲਈ ਬੈਟਰੀ, ਦਿਲ ਧੜਕੇ ਉਹਦਾ।
ਹੱਟਾ ਕੱਟਾ ਚੋਬਰ ਅਤੇ, ਚਲਾਕ ਸੀ ਪੂਰਾ।
ਛੇ ਫੁੱਟ ਉਸਦਾ ਕੱਦ ਸੀ, ਤਾਕਤ ਵਿੱਚ ਸੂਰਾ।
ਬੂਹੇ ਅੱਗੇ ਖਲੋ ਗਿਆ, ਦਿਲ ਤਕੜਾ ਕਰਕੇ।
ਕੁੰਡਾ ਦਿੱਤਾ ਖੋਹਲ ਸੀ, ਪਸਤੋਲ ਨੂੰ ਭਰਕੇ।
ਮਾਰੀ ਸੀ ਜਦ ਬੈਟਰੀ, ਉਸ ਅੰਦਰ ਜਾਕੇ।
ਛਾਲ ਮਾਰਕੇ ਡਿੱਗ ਪਿਆ, ਕੁੱਝ ਅੱਗੇ ਆਕੇ।
ਪਸਤੌਲ ਨੂੰ ਸੁੱਟ ਕੇ ਭੱਜ ਗਿਆ, ਉਹ ਹੱਟਾ ਕੱਟਾ।
ਆਖੇ ਉਹ ਮੈਂ ਮਰ ਗਿਆ, ਰੰਗ ਹੋ ਗਿਆ ਖੱਟਾ।
ਜਦ ਵੇਖੀ ਉਸਦੇ ਸਾਥੀਆਂ, ਉਹ ਚੂਹੇ ਖਾਣੀ।
ਤਾੜੀ ਮਾਰਕੇ ਹੱਸ ਪਏ, ਸਭ ਹਾਣੀ ਹਾਣੀ।
ਆਖਣ ਲੱਗੇ ਉਸਨੂੰ, ਬੱਲੇ ਉਏ ਸ਼ੇਰਾ।
ਰਾਜਾ ਕਿਉਂ ਨਾ ਪਾਕਿਸਤਾਨ ਕੰਬੇ, ਨਾ ਸੁਣਕੇ ਤੇਰਾ।

ਚਲਾਕ ਦਰਜੀ ਤੇ ਭੋਲਾ ਜੱਟ

ਇੱਕ ਜੱਟ ਨੇ ਕੋਟ ਸੁਆਵਣ ਲਈ, ਕਪੜਾ ਕੁਝ ਸ਼ਹਿਰੋਂ ਆਂਦਾ ਸੀ।
ਮੈਂ ਬਹਿਕੇ ਕੋਲ ਸੁਆਣਾ ਏ, ਇਹ ਦਿਲ ਵਿੱਚ ਪਿਆ ਪਕਾਂਦਾ ਸੀ।
ਕਪੜੇ ਨੂੰ ਲੈ ਕੇ ਜੱਟ ਜਦੋਂ, ਉਸ ਦਰਜੀ ਦੇ ਕੋਲ ਆਇਆ ਸੀ।
ਤਦ ਨਾਲ ਪ੍ਰੇਮ ਦੇ ਦਰਜੀ ਨੇ, ਉਸ ਤਾਂਈ ਕੋਲ ਬੈਠਾਇਆ ਸੀ।
ਜਦ ਮਿਣਤੀ ਲੈ ਕੇ ਦਰਜੀ ਨੇ, ਕਪੜੇ ਦਾ ਟੋਟਲ ਲਾਇਆ ਸੀ।
ਕਪੜਾ ਕੁਝ ਵਿਚੋਂ ਵਧਦਾ ਸੀ, ਦਰਜੀ ਦਾ ਮਨ ਲਲਚਾਇਆ ਸੀ।
ਦਰਜੀ ਜੱਟ ਤਾਈਂ ਕਹਿਣ ਲਗਾ, ਐਸੀ ਕੋਈ ਗੱਲ ਸੁਨਾਉ ਜੀ।
ਕੋਈ ਹਾਸੋ ਹੀਣੀ ਗਲ ਹੋਵੇ, ਨਾ ਦੇਰ ਜਰਾ ਹੁਣ ਲਾਵੋ ਜੀ।
ਜੱਟ ਦਰਜੀ ਤਾਂਈ ਕਹਿਣ ਲਗਾ, ਮੈਨੂੰ ਨਾ ਗੱਲ ਕੋਈ ਔਂਦੀ ਏ।
ਤੁਸੀਂ ਹੀ ਕੋਈ ਸੁਨਾ ਦੇਵੋ, ਜੋ ਤੁਸਾਂ ਦੇ ਮਨ ਨੂੰ ਭੌਂਦੀ ਏ।
ਦਰਜੀ ਨੇ ਐਸੀ ਗਲ ਛੇੜੀ, ਜੱਟ ਹੱਸ ਹੱਸ ਦੂਹਰਾ ਹੋਇਆ ਸੀ।
ਧਰਤੀ ਤੇ ਲੇਟੀ ਜਾਂਦਾ ਸੀ, ਤੇ ਹੋਇਆ ਜਿਉਂ ਅਧਮੋਇਆ ਸੀ।
ਜਦ ਕੋਟ ਵਿਤਰ ਕੇ ਦਰਜੀ ਨੇ, ਸੀ ਆਪਣਾ ਪੂਰਾ ਕੰਮ ਕੀਤਾ।
ਤਦ ਹੋਸ਼ 'ਚ ਆਕੇ ਜੱਟ ਨੇ ਵੀ, ਸੀ ਹਾਸੇ ਵੱਲੋਂ ਦਮ ਲੀਤਾ।
ਫਿਰ ਆਖਣ ਲਗਾ ਦਰਜੀ ਨੂੰ, ਹੁਣ ਹੋਰ ਕੋਈ ਐਸੀ ਗੱਲ ਛੇੜੋ।
ਇਸ ਤੋਂ ਵੀ ਚੰਗੀ ਲਗੇ ਜੋ, ਐਸੀ ਕੋਈ ਛੇਤੀ ਗੱਪ ਰੇੜੋ।
ਝੱਟ ਹੱਸਕੇ ਦਰਜੀ ਕਹਿਣ ਲੱਗਾ, ਹੁਣ ਹੋਰ ਕੋਈ ਗੱਲ ਸੁਨਾਣੀ ਨਹੀ।
ਰਾਜਾ ਹੁਣ ਕਪੜਾ ਪੂਰਾ ਏ, ਮੈਂ ਕੋਟ ਦੀ ਅਲਖ ਮੁਕਾਣੀ ਨਹੀ।

ਫੁੱਲ ਤੇ ਮਾਲਣ

ਤੋੜਨ ਲੱਗੀ ਫੁੱਲ ਜਾ ਮਾਲਣ ਫੁੱਲ ਨੇ ਆਖ ਸੁਣਾਇਆ।
ਹਾਲ ਮੇਰੇ ਤੇ ਤੈਨੂੰ ਅੜੀਏ, ਜਰਾ ਤਰਸ ਨਹੀਂ ਆਇਆ।
ਭਲਾ ਹੋਇਆ ਦੁੱਖ ਸੁਣਨ ਵਾਸਤੇ, ਆ ਗਈ ਮੇਰੇ ਕੋਲੇ।
ਤੈਨੂੰ ਆਪਣੀ ਸਮਝਕੇ ਮਾਲਣ, ਦੁਖੜੇ ਹੈਨ ਫਰੋਲੇ।
ਮਿੱਟੀ ਦੇ ਵਿੱਚ ਮਿੱਟੀ ਹੋਕੇ, ਦੁਖੜੇ ਸਹੇ ਹਜ਼ਾਰਾਂ।
ਜਨਮ ਲਿਆ ਮੇਰੇ ਤੋਂ ਪਹਿਲਾਂ, ਮੇਰੇ ਵੈਰੀ ਖਾਰਾਂ।
ਮੈਂ ਉਹਨਾਂ ਨੂੰ ਦਿਆਂ ਸੁਗੰਧੀ, ਉਹ ਪਏ ਵਾਰ ਚਲਾਵਣ।
ਵੱਜ ਵੱਜਕੇ ਤਨ ਮੇਰੇ ਉੱਤੇ, ਮੇਰੀ ਹੋਸ਼ ਭੁਲਾਵਣ।
ਵੇਖੀ ਅੱਲੇ ਫੱਟਾਂ ਉਤੇ, ਹੋਰ ਲੂਣ ਨਾ ਪਾਵੀਂ।
ਸੁੰਦਰ ਸੋਹਲ ਜਵਾਨੀ ਮੇਰੀ, ਨਾ ਮਰੋੜ ਗੰਵਾਵੀਂ।
ਕਿਸਮੱਤ ਮੇਰੀ ਦੇ ਵਿੱਚ ਲਿਖਿਆ, ਚੜ੍ਹੀ ਜਵਾਨੀ ਮਰਨਾ।
ਜਾ ਫਿਰ ਸਿਰ ਤੇ ਪਾਲੇ ਸਹਿਣੇ, ਜਾਂ ਧੁੱਪਾਂ ਵਿੱਚ ਸੜਨਾ।
ਮੈਂ ਸਭ ਤਾਈਂ ਸਜਨ ਕਹਿਕੇ, ਆਪਣੇ ਕੋਲ ਬੁਲਾਦਾ।
ਪਰ ਮੇਰਾ ਹੀ ਵੈਰੀ ਬਣਕੇ, ਮੈਨੂੰ ਖੋਹ ਲੈ ਜਾਂਦਾ।
ਤੂੰ ਹੀ ਮੈਨੂੰ ਪਾਲ ਪੋਸ ਕੇ, ਹੈ ਜੋਬਨ ਤੇ ਆਂਦਾ।
ਤਾਂ ਹੀ ਤੈਨੂੰ ਮਾਲਣ ਪਿਆਰੀ, ਦੁਖੜੇ ਫੋਲ ਸੁਣਾਂਦਾ।
ਤੇਰੇ ਉੱਤੇ ਮਾਨ ਹੈ ਮੈਨੂੰ, ਤੋੜ ਨਾ ਚੜ੍ਹੀ ਜਵਾਨੀ।
ਵੈਰੀ ਭਾਂਵੇ ਹੋਵਨ ਸਾਰੇ, ਤੂੰ ਨਾ ਬਣੀ ਬੇਗਾਨੀ।
ਤੋੜਕੇ ਭਾਂਵੇ ਲੈ ਜਾ ਮੈਨੂੰ, ਉਜਰ ਨਾ ਮੇਰਾ ਕੋਈ।
ਭਾਂਵੇ ਮੇਰੇ ਚਾ ਕਵਾਰੇ, ਪਰ ਤੈਥੋਂ ਬਿਨਾਂ ਨਾ ਢੋਈ।
ਜੋਤ ਬੁਝਾ ਕੇ ਹੁਸਨ ਮੇਰੇ ਦੀ, ਕਿਸਦੀ ਜੋਤ ਜਗਾਵੇਂ।
ਕਰਕੇ ਛੇਕ ਜਿਗਰ ਮੇਰੇ ਵਿੱਚ, ਕਿਸ ਦੇ ਸ਼ਗਨ ਮਨਾਵੇਂ।
ਮਾਰ ਕਟਾਰੀ ਤਨ ਮੇਰੇ ਤੇ, ਕਿਸ ਦੇ ਭਾਗ ਜਗਾਵੇਂ।
ਮੇਰੀ ਸ਼ਾਨ ਗਵਾਕੇ ਮਾਲਣ, ਕਿਸਦੀ ਸ਼ਾਨ ਵਧਾਵੇਂ।
ਸੁਣ ਕੇ ਗੱਲ ਫੁੱਲ ਦੀ ਅਗੋਂ, ਮਾਲਣ ਆਖ ਸੁਣਾਇਆ।
ਸੁਖ ਮੰਗਾ ਮੈਂ ਹਰਦਮ ਤੇਰੀ, ਤੂੰ ਕਿਉਂ ਹੈਂ ਘਬਰਾਇਆ।

ਪਾਣੀ ਪਾ ਪਾ ਤੈਨੂੰ ਅੜਿਆ, ਹੈ ਜੋਬਨ ਤੇ ਆਂਦਾ।
ਤੈਥੋਂ ਵੱਧ ਫਿਕਰ ਹੈ ਮੈਨੂੰ, ਤੂੰ ਕਿਉਂ ਹੈ ਘਬਰਾਂਦਾ।
ਰੜਕ ਰਹੀ ਏ ਦਿਲ ਮੇਰੇ ਵਿਚ, ਤੇਰੀ ਸੋਹਲ ਜਵਾਨੀ।
ਚਲ ਰਹੀ ਹੈ ਸਾਰੇ ਜਗ ਵਿੱਚ, ਤੇਰੀ ਅਜਬ ਕਹਾਣੀ।
ਤੂੰ ਮਹਿਕਾ ਦਾ ਰਾਜਾ ਅੜਿਆ, ਮਹਿਕਾਂ ਰਹੇਂ ਖਿੰਡਾਂਦਾ।
ਤੇਰੇ ਕੋਲ ਖਲੋਵੇ ਹਰ ਕੋਈ, ਰਾਹੀ ਆਂਦਾ ਜਾਂਦਾ।
ਹਰ ਇੱਕ ਦਾ ਰੂਹ ਖੁਸ਼ ਹੋ ਜਾਵੇ, ਵੇਖ ਵੇਖ ਕੇ ਤੈਨੂੰ।
ਤੇਰੇ ਤਾਂਈ ਹਰ ਕੋਈ ਸੁੰਘੇ, ਕੀ ਸਮਝੇ ਕੋਈ ਮੈਨੂੰ।
ਜਿਵੇਂ ਚੰਦ ਦੂਜ ਦੇ ਤਾਂਈ, ਤੰਦਾ ਦੇਣ ਸਿਆਣੇ।
ਤੇਰੇ ਨਾਲ ਸੁਆਗਤ ਮੇਰਾ, ਮੈਨੂੰ ਕਿਹੜਾ ਜਾਵੇ।
ਤੇਰੇ ਸੀਨੇ ਵਿਚੋਂ ਅੜਿਆ, ਐਸੀ ਡੋਰੀ ਪਾਵਾਂ।
ਸ਼ਾਨ ਤੇਰੀ ਨੂੰ ਇਸ ਤੋਂ ਵੱਧਕੇ, ਹੋਰ ਵੀ ਮੈਂ ਚਮਕਾਵਾਂ।
ਜਿਸ ਥਾਂ ਮੱਖੀ ਬਹਿ ਨਾ ਸਕੇ, ਉੱਥੇ ਜਾ ਟਿਕਾਵਾਂ।
ਰਾਣੀ ਮੇਰੀ ਪਰੀ ਹੁਸਨ ਦੀ, ਤੇਰਾ ਮਾਣ ਵਧਾਵਾਂ।
ਮੈਨੂੰ ਯਾਦ ਨਾ ਰਖੀਂ ਭਾਂਵੇ, ਪਰ ਮੈਂ ਫਰਜ਼ ਨਿਭਾਵਾਂ।
ਤੇਰਾ ਹਾਰ ਬਣਾ ਕੇ ਰਾਜਾ, ਰਾਣੀ ਦੇ ਗਲ ਪਾਂਵਾਂ।

ਏਕੇ ਅਮਨ ਮਨੁੱਖਤਾ ਲਈ ਲੜ ਬੀਬਾ

ਅਮਨ ਏਕਤਾ ਵਿੱਚ ਹੈ ਜਿੱਤ ਹੁੰਦੀ,
ਸਬਕ ਦੂਈ ਦਾ ਮੂਲ ਨਾ ਪੜ੍ਹ ਬੀਬਾ।
ਜੇਕਰ ਦੇਸ਼ ਉੱਤੇ ਬਿਪਤਾ ਬਣੇ ਆਕੇ,
ਉਦੋਂ ਵਾਂਗ ਪਤੰਗੇ ਦੇ ਸੜ ਬੀਬਾ।
ਪਾਟਕ ਪਾਂਵਦਾ ਹੈ ਜਿਹੜਾ ਦੇਸ਼ ਅੰਦਰ,
ਥੱਪੜ ਉਸਦੇ ਮੂੰਹ ਤੇ ਜੜ ਬੀਬਾ।
ਜੇਕਰ ਦੇਸ਼ ਨੂੰ ਖ਼ੂਨ ਦੀ ਲੋੜ ਪੈ ਜਾਏ,
ਖ਼ੂੰਨ ਡੋਲ ਹੋਕੇ ਨੰਗੇ ਧੜ ਬੀਬਾ।
ਰੱਖਿਆ ਗਊ ਗਰੀਬ ਦੀ ਕਰਨ ਖਾਤਰ,
ਚੜ੍ਹਨਾ ਪਏ ਤੇ ਸੂਲੀ ਵੀ ਚੜ੍ਹ ਬੀਬਾ।
ਲਾਲਚ ਚੌਧਰ ਤੇ ਕੁਰਸੀ ਦਾ ਛੱਡਕੇ ਤੂੰ,
ਅਮਨ ਏਕਤਾ ਵਾਸਤੇ ਲੜ ਬੀਬਾ।

ਫੁੱਟ ਚੰਦਰੀ ਕੌਰਵਾਂ ਪਾਂਡਵਾ ਦੀ,
ਬੇਹੱਦ ਸੀ ਫੌਜ ਮਰਵਾ ਦਿੱਤੀ।
ਏਸ ਫੁੱਟ ਲੰਕੇਸ਼ ਦਾ ਨਾਸ਼ ਕਰਕੇ,
ਲੰਕਾ ਸੋਨੇ ਦੀ ਹਥੋਂ ਖੁਹਾ ਦਿੱਤੀ।
ਜਿੱਤੀ ਹੋਈ ਸੀ ਫੌਜ ਹਰਵਾ ਦਿੱਤੀ,
ਸੋਨ ਚਿੜੀ ਸੀ ਅੱਧੋਂ ਚਿਰਵਾ ਦਿੱਤੀ।
ਇੱਕ ਹਿੰਦ ਤੇ ਦੂਸਰਾ ਪਾਕ ਕਰਕੇ,
ਗਿਆ ਨਵੇਂ ਕਾਨੂੰਨ ਸੀ ਘੜ ਬੀਬਾ।
ਦਿਲੋਂ ਕੱਢ ਕੁਰੀਤੀਆਂ ਭੈੜੀਆਂ ਨੂੰ,
ਏਕੇ ਅਮਨ ਮਨੁਖਤਾ ਲਈ ਲੜ ਬੀਬਾ।

ਹਿੰਦੂ ਸਿੱਖ ਦੇ ਮੇਟਕੇ ਵਿਤਕਰੇ ਨੂੰ,
ਆਪੋ ਵਿੱਚ ਪਿਆਰ ਵਧਾਈ ਜਾਵੋ।

ਇਕੋ ਮਾਂ ਤੇ ਇੱਕੋ ਹੈ ਬਾਪ ਸਭਦਾ,
ਵੱਟਾਂ ਬੰਨੀਆਂ ਐਵੇਂ ਨਾ ਪਾਈ ਜਾਵੋ।
ਜਿਸ ਮਾਂ ਲਡਾਇਆ ਹੈ ਲਾਡ ਸਭਨੂੰ,
ਸ਼ਾਨ ਉਸਦੀ ਤਾਂਈ ਵਧਾਈ ਜਾਵੋ।
ਇਕੋ ਆਨ ਤੇ ਇਕੋ ਹੈ ਸ਼ਾਨ ਸਭਦੀ,
ਗੈਰ ਸਮਝ ਨਾ ਇਜ਼ਤ ਲੁਟਾਈ ਜਾਵੋ।
ਪਏ ਕਿਸੇ ਦਾ ਨਾ ਮੁਥਾਜ ਹੋਣਾ,
ਆਪਣੇ ਪੈਰਾਂ ਤੇ ਆਪ ਹੀ ਖੜ੍ਹ ਬੀਬਾ।
ਆਪਣੇ ਦੇਸ਼ ਦਾ ਮਾਨ ਵਧਾਣ ਖਾਤਰ,
ਏਕੇ ਅਮਨ ਮਨੁੱਖਤਾ ਲ਼ਈ ਲੜ ਬੀਬਾ।

ਜੇਕਰ ਫੌਜੀ ਏਂ ਫਰਜ਼ ਪਛਾਣ ਆਪਣਾ,
ਤੇਰੇ ਮੋਢਿਆਂ ਤੇ ਭਾਰ ਦੇਸ਼ ਦਾ ਏ।
ਇੱਕ ਤੰਦ ਦਾ ਕਦੇ ਨਹੀ ਮੁੱਲ ਪੈਂਦਾ,
ਮੁੱਲ ਪੈ ਜਾਂਦਾ ਉਣੇ ਖੇਸ ਦਾ ਏ।
ਜੇਕਰ ਕਿਰਤੀ ਏਂ ਹੱਕ ਦੀ ਕਿਰਕਰ ਤੂੰ,
ਮਾਨ ਤੇਰੇ ਤੇ ਦੇਸ਼ ਪ੍ਰਦੇਸ਼ ਦਾ ਏ।
ਘਰ ਆਪਣਾ ਹ਼ੀ ਜਦੋਂ ਪਾਟ ਜਾਵੇ,
ਹੁੰਦਾ ਦੁੱਖ ਭਾਰੀ ਗੱਲ ਏਸ ਦਾ ਏ।
ਵੇਖੀ ਦੇਸ਼ ਦਾ ਕਿਤੇ ਗਦਾਰ ਬਣਕੇ,
ਮੱਥੇ ਲਈ ਕਲੰਕ ਨਾ ਮੜ੍ਹ ਬੀਬਾ।
ਰਾਜਾ ਸਦਾ ਜਵਾਨੀਆਂ ਮਾਣਦਾ ਰਹੁ,
ਏਕੇ ਅਮਨ ਮਨੁਖਤਾ ਲਈ ਲੜ ਬੀਬਾ।

ਐ ਮੌਕੇ ਦੇ ਰੁਕਨੋ

ਐ ਮੌਕੇ ਦੇ ਰੁਕਨੋ, ਜਰਾ ਕੁਝ ਸੋਚੋ, ਤੇ ਠੰਢੇ ਦਿਮਾਗ ਸੰਗ ਬਹਿਕੇ ਵਿਚਾਰੋ।
ਐ ਚੌਧਰ ਦੇ ਭੁਖਿਉ, ਪਾ ਮਜਬਾਂ ਦੇ ਰੌਲੇ, ਭੋਲੀ ਇਸ ਜਨਤਾ ਨੂੰ ਏਦਾਂ ਨਾ ਮਾਰੋ।
ਬਣਕੇ ਵਖਾਉ ਨਾ, ਕੈਰੋ 'ਤੇ ਪਾਂਡੋ, ਪਿਛਲੀ ਤਵਾਰੀਖ ਤਾਂਈ ਜਰਾ ਤਾਂ ਵਿਚਾਰੋ।
ਖੱਟਿਆ ਕੀ ਉਨ੍ਹਾ ਨੇ ਆਪਸ 'ਚ ਲੜਕੇ, ਆਪਣੇ ਹੀ ਜਿਗਰਾਂ ਤੇ ਕਾਤੀ ਨਾ ਮਾਰੋ।
ਕਰੋ ਮਨ ਆਈਆਂ ਨਾ ਰਾਵਣ ਦੇ ਵਾਗੂੰ, ਤੇ ਸੋਨੇ ਦੀ ਲੰਕਾ ਨੂੰ ਹੱਥੀਂ ਨਾ ਸਾੜੋ।
ਨਾਲ ਸੁੱਖਾਂ ਦੇ ਹਾਂ ਸਾਰੇ ਪਏ ਵਸਦੇ, ਵਸਦੇ ਹੋਏ ਝੁੱਗੇ ਨਾ ਸਾਡੇ ਉਜਾੜੋ।
ਹਿੰਦੂ ਤੇ ਸਿੱਖਾਂ ਦੇ ਝਗੜੇ ਵਧਾ ਕੇ, ਤੇ ਪੈਰਾਂ ਦੇ ਥੱਲੇ ਨਾ ਜਨਤਾ ਲਤਾੜੋ।
ਬਣ ਜਾਵੋ ਸਾਰੇ ਹੀ ਅਮਨ ਦੇ ਪੁਜਾਰੀ, ਤੇ ਫੁੱਟ ਪਾਕੇ ਵੰਡਣ ਦਾ ਮੌਕਾ ਨਾ ਤਾੜੋ।
ਹਿੰਦੂ ਤੇ ਸਿੱਖਾਂ ਦਾ ਰਾਖਾ ਹੈ ਜਿਹੜਾ, ਰਾਖੇ ਦੇ ਤਾਂਈ ਨਾ ਦਿਲ ਤੋਂ ਵਿਸਾਰੋ।
ਹਿੰਦੂ ਤੇ ਸਿੱਖਾਂ ਚ ਪਾੜੇ ਵਧਾਕੇ, ਪਾ ਪਾ ਕੇ ਵੱਟਾਂ ਪਏ ਵੱਟੇ ਨਾ ਮਾਰੋ।
ਹਿੰਦੂ ਤੇ ਸਿੱਖ ਸਭ ਹੋ ਜਾਵੋ ਇੱਕੋ, ਤੇ ਏਕੇ ਦੀ ਤਾਕਤ ਨੂੰ ਪੜ੍ਹਕੇ ਵਿਚਾਰੋ।
ਰਾਜਾ ਕਹੇ ਸੁਖਾਂ ਦਾ ਜੀਵਣ ਜੇ ਜੀਣਾ, ਤਾਂ ਏਕੇ ਦੇ ਝੰਡੇ ਦੇ ਥੱਲੇ ਪਧਾਰੋ।

ਸ਼ਿਕਵਾ

ਐ ਸਜਨਾ ਤੂੰ ਦਿਲ ਮੇਰੇ ਦਾ, ਸ਼ੀਸ਼ਾ ਕਰਕੇ ਚੂਰ ਨਾ ਜਾਵੀਂ।
ਬੇੜੀ ਠਿੱਲੀ ਵਿੱਚ ਝੱਨਾਂ ਦੇ, ਛੱਡਕੇ ਪਹਿਲੇ ਪੂਰ ਨਾ ਜਾਵੀਂ।
ਇਹ ਸ਼ਿਕਵਾ ਹੈ ਦਿਲ ਮੇਰੇ ਦਾ, ਹੋ ਅੱਖੀਆਂ ਤੋਂ ਦੂਰ ਨਾ ਜਾਵੀਂ।
ਪਾਕੇ ਪ੍ਰੀਤ ਨਿਭਾਣੀ ਔਖੀ, ਆ ਤੂੰ ਵਿੱਚ ਗਰੂਰ ਨਾ ਜਾਵੀਂ।
ਸੱਚੀ ਗੱਲ ਦਾ ਰੋਸ ਨਾ ਕੋਈ, ਐਵੇਂ ਲਾਕੇ ਲੂਰ ਨਾ ਜਾਵੀਂ।
ਸੁੱਖ ਮੰਗਾ ਮੈਂ ਹਰ ਦਮ ਤੇਰੀ, ਮੈਨੂੰ ਕਰ ਮਜਬੂਰ ਨਾ ਜਾਵੀਂ।
ਦਿਲ ਮੇਰੇ ਦੀਆਂ ਸਧਰਾਂ ਤਾਂਈ, ਸਾਕੀ ਕਰ ਮਾਨੂਰ ਨਾ ਜਾਵੀਂ।
ਲਾਕੇ ਤੀਰ ਜੁਦਾਈਆਂ ਵਾਲੇ, ਆਪ ਤੂੰ ਹੋ ਮੱਖਮੂਰ ਨਾ ਜਾਵੀਂ।
ਇਸ ਮੰਜਲ ਦਾ ਪੰਧ ਦੁਰੇਡਾ, ਰਾਜਾ ਕਰ ਦਿਲ ਚੂਰ ਨਾ ਜਾਵੀਂ।

ਵਾਰ ਮਹਾਰਾਜਾ ਰਣਜੀਤ ਸਿੰਘ

ਕਰ ਖੇਰੂੰ ਹਿੰਦੋਸਤਾਨ ਨੂੰ, ਗਿਆ ਅਹਿਮਦ ਲੁੱਟ ਮਚਾ।
ਉਸ ਨੇ ਗ਼ੈਰਤ ਹਿੰਦੋਸਤਾਨ, ਦੀ ਦਿੱਤੀ ਮਿੱਟੀ ਵਿੱਚ ਮਿਲਾ।
ਪਿਛੋਂ ਉਸਤੋਂ ਉਸਦਾ ਪੋਤਰਾ, ਗਿਆ ਵਿੱਚ ਲਹੌਰ ਦੇ ਆ।
ਉਹਨੇ ਆਨਕੇ ਫੌਜਾਂ ਚਾਹੜ੍ਹੀਆਂ, ਤੇ ਭੜਥੂ ਦਿਤਾ ਪਾ।
ਅਗੋਂ ਚੜ਼ਤ ਸਿੰਘ ਦੇ ਪੋਤਰੇ, ਸੀ ਠੱਲਾਂ ਦਿਤੀਆ ਪਾ।
ਹੱਥ ਖੰਡਾ ਫੜ ਰਣਜੀਤ ਨੇ, ਸੀ ਵਾਢ੍ਹਾ ਦਿੱਤਾ ਲਾ।
ਉਥੇ ਹੋਇਆ ਯੁਧ ਘਮਸਾਨ ਦਾ, ਦਿੱਤੀ ਲੋਥ ਤੇ ਲੋਥ ਚੜ੍ਹਾ।
ਉਸਨੇ ਕਰ ਜ਼ੁਲਮ ਦਾ ਟਾਕਰਾ, ਸਭ ਵੈਰੀ ਦਿਤੇ ਕੰਬਾ।
ਅੱਗੇ ਲੱਗ ਜਮਾਨ ਸੀ ਭਜਿਆ, ਪਿੱਛੇ ਦਿੱਤੀ ਫੌਜ ਲਗਾ।
ਉਹਨੂੰ ਐਸੀਆਂ ਪਾਈਆਂ ਭਾਜੜਾਂ, ਦਿੱਤੀ ਨਾਨੀ ਯਾਦ ਕਰਾ।
ਉਸ ਪਿੱਛੇ ਪਰਤ ਨਾ ਤਕਿਆ, ਹੈ ਕਿਥੇ ਦੇਸ਼ ਦਾ ਰਾਹ।
ਆਇਆ ਦਿਨ ਅਠਾਰਾਂ ਇੱਕ ਦਾ, ਲਹੌਰ ਦੀਵਾਨ ਸਜਾ।
ਝੱਟ ਮਹਾਰਾਜੇ ਰਣਜੀਤ ਨੂੰ, ਦਿੱਤਾ ਰਾਜ ਦਾ ਤਿਲਕ ਲਗਾ।
ਉਹਨੇ ਰਾਜ ਕਮਾਇਆ ਧਰਮ ਦਾ, ਲਿਆ ਦੇਸ਼ ਸਵਰਗ ਬਣਾ।
ਉਹਨੇ ਦਰ੍ਹਾ ਖੈਬਰ ਚੀਨ ਤੱਕ, ਸੀ ਲਿਆ ਪੰਜਾਬ ਵਸਾ।
ਸੱਭੇ ਰਾਜ ਪੂਤ ਪਹਾੜੀਏ, ਉਹਦੀ ਸ਼ਰਨੀ ਲਗੇ ਆ।
ਜਦ ਵੱਟਾ ਕਿਸੇ ਨੇ ਮਾਰਿਆ, ਉਹਨੂੰ ਲਿਆ ਹਿੱਕ ਨਾਲ ਲਾ।
ਥਾਂ ਬੇਰਾਂ ਮੋਹਰਾਂ ਦੇ ਕੇ, ਲਿਆ ਬਾਲ ਨੂੰ ਝੱਟ ਵਰਾ।
ਉਹਨੂੰ ਅਟਕਾਂ ਪਾ ਨਾ ਸਕਿਆ, ਸੀ ਅਟਕ ਜਿਹਾ ਦਰਿਆ।
ਉਹਦਾ ਨਾ ਸੁਣਕੇ ਸੀ ਕੰਬਦੇ, ਜੋ ਵੱਡੇ ਸੀ ਅਲਿਆ।
ਉਹਦੇ ਹਰੀ ਸਿੰਘ ਜਰਨੈਲ ਨੇ, ਦਿਤਾ ਕਾਬਲ ਤਕ ਕੰਬਾ।
ਖ਼ੁਦ ਰਾਖਾ ਬਣਕੇ ਦੇਸ਼ ਦਾ, ਉਸ ਲਿਆ ਪੰਜਾਬ ਵਸਾ।
ਕੱਢ ਜਾਤ ਪਾਤ ਦੇ ਵਿਤਕਰੇ, ਲਈ ਸਾਝੀਂ ਵਾਲ ਸਦਾ।
ਕੀ ਹਿੰਦੂ ਮੁਸਲਮਾਨ ਸੀ, ਸਭ ਫੌਜੀ ਬਣਾ।
ਉਹ ਪੰਨੇ ਵਿੱਚ ਇਤਿਹਾਸ ਦੇ, ਹੈ ਗਿਆ ਨਾਮ ਚਮਕਾ।
ਉਸ ਸੇਵਾ ਕੀਤੀ ਪ੍ਰੇਮ ਨਾਲ, ਸ੍ਰੀ ਅਮ੍ਰਿਤਸਰ ਵਿੱਚ ਜਾ।
ਉਹਨੂੰ ਲਾ ਸੋਨੇ ਦੇ ਪਤਰੇ, ਦਿੱਤੀ ਸੋਨ ਚਿੜੀ ਚਮਕਾ।
ਅੱਜ ਤਾਈਉਂ 'ਰਾਜਾ' ਉਹਦੀਆਂ, ਜਗ ਵਾਂਰਾਂ ਰਿਹਾ ਹੈ ਗਾ।

ਝੁੱਗੇ ਨਸ਼ਿਆਂ ਨੇ ਚੌੜ ਚਪੱਟ ਕੀਤੇ

ਨਸ਼ਾ ਕਰਨ ਵਾਲੇ ਨਹੀ ਜੇ ਘੱਟ ਕਰਦੇ,
ਕਈਆਂ ਘੱੜੇ ਤੇ ਕਈਆਂ ਨੇ ਮੱਟ ਪੀਤੇ।
ਅੱਠੇ ਪਹਿਰ ਵਿੱਚ ਨਸ਼ੇ ਦੇ ਗੁੱਟ ਰਹਿੰਦੇ,
ਭਰੀਆਂ ਬੋਤਲਾਂ ਦੇ ਖੋਹਲ ਡੱਟ ਪੀਤੇ।
ਵਿੱਚ ਮਹਿਫਲਾਂ ਦੇ ਜਦੋਂ ਬੈਠ ਜਾਂਦੇ,
ਭਰ ਭਰ ਹਾੜੇ ਗੱਟਾ ਗੱਟ ਪੀਤੇ।
ਇੱਜਤ ਪੱਤ ਹੈ ਨਸ਼ਾ ਬਰਬਾਦ ਕਰਦਾ,
ਪਾਗਲ ਨਸ਼ੇ ਘੁਮਿਆਰ ਤੇ ਜੱਟ ਕੀਤੇ।
ਦਮੜਾ ਕਿਸੇ ਦੇ ਪੱਲੇ ਨਾ ਨਸ਼ਾ ਛੱਡੇ,
ਖਾਲੀ ਏਸ ਨੇ ਹੱਟਾਂ ਦੇ ਹੱਟ ਕੀਤੇ।
ਲੈਂਡ ਲਾਡ ਨਹੀ ਕਿਸੇ ਨੂੰ ਰਹਿਣ ਦੇਂਦਾ,
ਝੁੱਗੇ ਨਸ਼ਿਆਂ ਨੇ ਚੌੜ ਚਪੱਟ ਕੀਤੇ।

ਪੋਸਤ ਭੁੱਕੀ ਦੇ ਕਈ ਮਰੀਜ਼ ਵੇਖੇ,
ਮੁੱਠ ਹੱਡੀਆਂ ਤੇ ਅੱਖਾਂ ਅੱਡੀਆਂ ਨੇ।
ਕੈਪਸੂਲ ਕਈ ਨਸ਼ੇ ਦੇ ਲਾਣ ਟੀਕੇ,
ਸੱਦਾ ਲੀਹ ਉੱਤੇ ਰੱਖਣ ਗੱਡੀਆਂ ਨੇ।
ਪੁੱੜੀ ਜ਼ਰਦੇ ਦੀ ਜਦੋਂ ਨੇ ਖਾ ਲੈਂਦੇ,
ਮਾਰਨ ਚਿੱਤੜਾਂ ਨੂੰ ਫੇਰ ਅੱਡੀਆਂ ਨੇ।
ਗੱਲ ਕਿਸੇ ਦੀ ਨਾ ਅਮਲੀ ਮੰਨਦੇ ਨੇ,
ਰੋਕਨ ਬੁਢੀਆਂ ਤੇ ਭਾਵੇਂ ਨਡੀਆਂ ਨੇ।
ਉਸਨੂੰ ਸ਼ੇਰ ਵੀ ਕੁੱਤੇ ਸਮਾਨ ਦਿੱਸੇ,
ਘੁੱਟ ਜਿਨਾਂ ਸਮੈਕ ਦੇ ਝੱਟ ਪੀਤੇ ।
ਦਮੜੇ ਗਏ ਤੇ ਦੱਮ ਵੀ ਨਾਲ ਤੁਰ ਗਏ,
ਝੁੱਗੇ ਨਸ਼ਿਆਂ ਚੌੜ ਚਪੱਟ ਕੀਤੇ।

ਭਾਂਡੇ ਵੇਚ ਘਰ ਦੇ ਅਮਲੀ ਨਸ਼ਾ ਕਰਦੇ,
ਪੂਰਾ ਫੇਰ ਵੀ ਨਸ਼ਾ ਨਾ ਹੋਂਵਦਾ ਏ।
ਨਸ਼ਾ ਇੰਜ ਸਰੀਰ ਨੂੰ ਧੋ ਦਿੰਦਾ,
ਸਾਬਨ ਕਪੜੇ ਨੂੰ ਜਿਵੇਂ ਧੋਂਵਦਾ ਏ।
ਨਾ ਕੁੱਝ ਜਦੋਂ ਸਰੀਰ ਦੇ ਰਿਹਾ ਪਲੇ,
ਬੀਤੇ ਵਕਤ ਤਾਂਈ ਬਹਿਕੇ ਰੋਂਵਦਾ ਏ।
ਅੰਬਾਂ ਅਤੇ ਅੰਗੂਰਾਂ ਦੀ ਆਸ ਰੱਖੇ,
ਬੀਜ ਕਿੱਕਰਾਂ ਦੇ ਹੱਥੀਂ ਬੋਂਵਦਾ ਏ।
ਫੱਟ ਛਵੀ ਕੁਹਾੜੇ ਦੇ ਸੀਪ ਜਾਂਦੇ,
ਨਾ ਫੱਟ ਜ਼ੁਬਾਨ ਦੇ ਜਾਣ ਸੀਤੇ।
ਅਮਲੀ ਰੋਵੇ ਤੇ ਨਾਲੇ ਫਿਰ ਇੰਜ ਆਖੇ,
ਝੁੱਗੇ ਨਸ਼ਿਆਂ ਨੇ ਚੌੜ ਚੁਪੱਟ ਕੀਤੇ।

ਨਸ਼ਾ ਨਾਮ ਤੇ ਬਾਣੀ ਦਾ ਕਰੋ ਸਾਰੇ,
ਸੁਰਤੀ ਰੱਬ ਦੇ ਨਾਲ ਜੋ ਜੋੜਦਾ ਏ।
ਨਾਲੇ ਪੁੰਨ ਤੇ ਨਾਲੇ ਫਿਰ ਦਏ ਫਲੀਆਂ,
ਨਾਲੇ ਔਗੁਣਾਂ ਦੇ ਵੱਲੋਂ ਮੋੜਦਾ ਏ।
ਮੁਕਤ ਜੁਗਤ ਵੀ ਇਸ ਦੀ ਹੈ ਦਾਸੀ,
ਨਾਲੇ ਭਲਾ ਏਹ ਸਭ ਦਾ ਲੋੜਦਾ ਏ।
ਛਾਂ ਸੰਘਣੀ ਨਾਮ ਦੀ ਇਸ ਤਰ੍ਹਾਂ ਏ,
ਰੁੱਖ ਜਿਸ ਤਰਾਂ ਸੰਘਣਾ ਬੋਹੜ ਦਾ ਏ।
ਕਬੀਰ ਸੈਣ ਰਵਿਦਾਸ ਤੇ ਸੱਧਨੇ ਜਹੇ,
ਪੀਪਾ ਧੰਨਾ ਤੇ ਭਗਤ ਇਸ ਭੱਟ ਕੀਤੇ।
ਰਾਜਾ ਫੇਰ ਨਾ ਕਿਸੇ ਨੂੰ ਪਏ ਕਹਿਣਾ,
ਝੁਗੇ ਨਸ਼ਿਆਂ ਨੇ ਚੌੜ ਚੁਪੱਟ ਕੀਤੇ।

ਤਿੰਨਾਂ ਦੀ ਗਲ

ਚੰਗੇ ਕਰਮੀ ਬਹੁੜਦੇ, ਸਾਧੂ ਸੰਤ ਫ਼ਕੀਰ।
ਤਿੰਨੇ ਮਿਲਦੇ ਮੁੱਲ ਨਾ, ਮਾਤ ਪਿਤਾ ਤੇ ਵੀਰ।
ਤਿੰਨ ਨਾ ਸੱਕੇ ਕਿਸੇ ਦੇ, ਅੱਗ ਹਵਾ ਤੇ ਨੀਰ।
ਲਾ ਕੱਸ ਵੱਟੀ ਪਰਖ ਦੇ, ਗੁਰ ਰਾਜਾ ਤੇ ਪੀਰ।
ਵਾਪਸ ਮਿਲਦੇ ਤਿੰਨ ਨਾ, ਇੱਜ਼ਤ ਹੁਸਨ ਜ਼ਮੀਰ।
ਮੀਤ ਨਾ ਤਿੰਨੇ ਕਿਸੇ ਦੇ, ਖਰ ਨੇਤਾ ਸਮਸ਼ੀਰ।
ਕੈਂਚੀ ਬੋਲੀ ਚੁਗਲ ਖੋਰ, ਕਰਦੇ ਲੀਰੋ ਲੀਰ।
ਤਿੰਨੇ ਕਰਦੇ ਛੇਕ ਨੇ, ਨੈਨ ਜੀਭ ਤੇ ਤੀਰ।
ਦਾਤੀ ਆਰੀ ਕਰਦ ਜੋ, ਤਿੰਨੇ ਪਾਵਣ ਚੀਰ।
ਸੋਭਾ ਰਾਜਾ ਖੱਟਦੇ, ਦਾਨੇ ਚਤਰ ਵਜ਼ੀਰ।

ਅਮਰਤਾ

ਸੱਦਾ ਫੁੱਲ ਗੁਲਾਬ ਵਿੱਚ ਮਹਿਕ ਰਹਿੰਦੀ,
ਭਾਵੇਂ ਸੁੱਕਦਾ ਸੁੱਕਦਾ ਸੁੱਕ ਜਾਵੇ।
ਦਾਨੀ ਦਾਨ ਕਰਨੋ ਕਦੇ ਨਹੀਂ ਰੁਕਦੇ,
ਧਨ ਮੁਕਦਾ ਮੁਕਦਾ ਮੁੱਕ ਜਾਵੇ।
ਚੁਗਲ ਖੋਰ ਨਹੀ ਚੁਗਲੀਓਂ ਬਾਜ ਔਂਦੇ,
ਸਾਹ ਰੁਕਦਾ ਰੁਕਦਾ ਰੁੱਕ ਜਾਵੇ।
ਰਾਜਾ ਆਖਦਾ ਸੂਰਜ ਨਾ ਸ਼ਾਂਤ ਹੋਵੇ,
ਭਾਵੇਂ ਲੁਕਦਾ ਲੁਕਦਾ ਲੁਕ ਜਾਵੇ।

ਮਾਤਾ ਦੀ ਕਵਿਤਾ

ਮਾਤਾ ਦਾ ਦਰਜਾ ਏ, ਲੋਕੋ ਕੁੱਲ ਦੁਨੀਆਂ ਤੋਂ ਉੱਚਾ।
ਮਾਤਾ ਗੁਰਦੇਵ ਕਿਹਾ, ਪਹਿਲਾਂ ਗੁਰ ਅਰਜਣ ਨੇ ਸੁੱਚਾ।
ਔਖੀ ਹੋ ਮਾਤਾ ਜੀ, ਬੱਚਾ ਵਿੱਚ ਕੁੱਖ ਦੇ ਪਾਲੇ।
ਗਿੱਲੇ ਥਾਂ ਪੈਂਦੀ ਹੈ, ਦੁੱਖੜੇ ਤਨ ਅਪਨੇ ਤੇ ਜਾਲੇ।
ਉਂਗਲੀ ਲਾ ਬੱਚੇ ਨੂੰ, ਪਹਿਲਾਂ ਮਾਤਾ ਤੁਰਨ ਸਖਾਵੇ।
ਪਹਿਲਾਂ ਦੇ ਬੱਚੇ ਨੂੰ, ਪਿੱਛੋਂ ਆਪਣੇ ਮੂੰਹ ਵਿੱਚ ਪਾਵੇ।
ਡਿੱਗ ਪੈਂਦਾ ਬੱਚਾ ਜਾਂ, ਮਾਤਾ ਵੇਖ ਦੌੜਕੇ ਆਵੇ।
ਡਿੱਗੇ ਹੋਏ ਬੱਚੇ ਨੂੰ, ਚੁੱਕਕੇ ਛਾਤੀ ਨਾਲ ਲਗਾਵੇ।
ਮਾਤਾ ਦੀ ਸਿੱਖਿਆ ਤੇ, ਬੱਚਾ ਉੱਚੀ ਪਦਵੀ ਪਾਂਦਾ।
ਸਚਖੰਡ ਦੇ ਬਾਰ ਅੱਗੇ, ਬਣਕੇ ਭਗਤ ਧਰੂ ਬਹਿ ਜਾਂਦਾ।
ਮਾਤਾ ਹੀ ਜੱਣਦੀ ਹੈ, ਪੁੱਤਰ ਭਗਤ ਸੂਰਮੇ ਦਾਨੀ।
ਗੁਰ ਅਰਜਨ ਦੇ ਤਾਈਂ ਦਿੱਤਾ, ਜਨਮ ਸੀ ਮਾਤਾ ਭਾਨੀ।
ਸੀ ਮਾਤ ਕੁਸ਼ਲਿਆ ਨੇ, ਪੈਦਾ ਕੀਆ ਰਾਮ ਅਵਤਾਰਾ।
ਤੇ ਮਾਤ ਜਸ਼ੋਦਾ ਨੇ, ਜੰਮਿਆ ਕੁੱਖ ਤੋਂ ਕ੍ਰਿਸ਼ਨ ਮੁਰਾਰਾ।
ਮਾਤਾ ਜੀ ਤ੍ਰਿਪਤਾ ਨੇ, ਜੰਮਿਆ ਸੀ ਨਾਨਕ ਨਰੰਕਾਰੀ।
ਧੁੰਦ ਉੱਡੀ ਕੂੜ ਦੀ ਸੀ, ਜਸ ਹੈ ਕਰਦੀ ਦੁਨੀਆਂ ਸਾਰੀ।
ਮਾਤਾ ਜੀ ਗੁਜਰੀ ਨੇ, ਜੰਮਿਆ ਗੁਰ ਗੋਬਿੰਦ ਬਲਕਾਰੀ।
ਜਿਸ ਦੀ ਅੱਜ ਦੁਨੀਆਂ ਤੇ, ਵੀਰੋ ਹੋ ਰਹੀ ਜੈ ਜੈ ਕਾਰੀ।
ਜਿਸ ਪੰਥ ਖਾਲਸੇ ਨੂੰ, ਦਿੱਤਾ ਜਨਮ ਸੀ ਖੰਡੇ ਧਾਰੋਂ।
ਜਿਸ ਧਰਮ ਵਾਸਤੇ ਜੀ, ਪੁਤਰ ਵਾਰ ਦਿੱਤੇ ਸੀ ਚਾਰੋਂ।
ਸੀ ਸੱਦਾ ਕੌਰ ਮਾਤਾ, ਜੰਮਿਆ ਗੁਰੂ ਰਾਮ ਸਿੰਘ ਸੂਰਾ।
ਲੈ ਅਨੰਤ ਕੱਲਾ ਆਇਆ, ਹੈਸੀ ਸਰਬ ਕੱਲਾ ਭਰ ਪੂਰਾ।
ਸੀ ਜੀਵਨ ਕੌਰ ਮਾਤਾ, ਪੈਦਾ ਕੀਤਾ ਵੱਡ ਪ੍ਰਤਾਪੀ।
ਕਰ ਮਾਲੋ ਮਾਲ ਦਿੱਤਾ, ਲਾਈ ਜਿਸ ਦੀ ਕੰਡ ਤੇ ਥਾਪੀ।
ਮਾਤਾ ਨੂੰ ਪਿਆਰ ਕਰੋ, ਜੋ ਹੈ ਕੁੱਲ ਜਗਤ ਦੀ ਜਨਣੀ।
ਮਾਤਾ ਮਰ ਜਾਵੇ ਤੇ, ਪਿੱਛੋਂ ਹੋਰ ਮਾਤ ਨਹੀਂ ਮਿਲਣੀ।

ਮਾਤਾ ਦੀ ਮਮਤਾ ਨੇ, ਪਿੱਛੋਂ ਯਾਦ ਸਦਾ ਹੈ ਰਹਿਣਾ।
ਤੇ ਭਾਣਾ ਸਤਿਗੁਰ ਦਾ, ਸਿਰ ਤੇ ਸਭ ਨੂੰ ਮੰਨਣਾ ਪੈਣਾ।
ਮਾਤਾ ਨੂੰ ਪਿਆਰ ਕਰੋ, ਜਿਸ ਦੇ ਨਾਲ ਜੱਗਤ ਦੀ ਸੋਭਾ।
ਮਾਂ ਵਾਂਗ ਸਮੁੰਦਰ ਦੇ, ਰਾਜਾ ਕਹੇ ਨਹੀਂ ਜੇ ਟੋਭਾ।

ਨਾਤਾ ਜੋੜਦੇ ਨਾਲ ਸੰਸਾਰ ਪੁੱਤਰ

ਘਰੰ ਲੋਕ ਮੁਬਾਰਕਾਂ ਦੇਣ ਔਂਦੇ, ਜਦੋਂ ਕੁੱਖ ਤੋਂ ਜੰਮਦੀ ਨਾਰ ਪੁੱਤਰ।
ਘਰ ਵਿੱਚ ਹੋ ਜਾਂਦੀਆਂ ਰੌਣਕਾਂ ਨੇ, ਪੈਦਾ ਹੋਂਵਦੇ ਜਦੋਂ ਸਰਦਾਰ ਪੁੱਤਰ।
ਫੁੱਲ ਫੁੱਲ ਕੇ ਮਾਤਾ ਪਈ ਹੋਵੇ ਚੌਣੀ, ਜਦੋਂ ਖੇਡਦਾ ਵੇਹੜੇ ਵਿਚਕਾਰ ਪੁੱਤਰ।
ਛਾਤੀ ਮਾਂ ਦੀ ਨੂੰ ਉਦੋਂ ਠੰਢ ਪੈਂਦੀ, ਜਦੋਂ ਮਾਂ ਤੋਂ ਲੈਂਦਾ ਪਿਆਰ ਪੁੱਤਰ।
ਮਾਤਾ ਪਿਤਾ ਨਾ ਫੁੱਲੇ ਸਮਾਂਵਦੇ ਨੇ, ਹੋ ਜਾਂਵਦਾ ਜਦੋਂ ਹੁਸ਼ਿਆਰ ਪੁੱਤਰ।
ਜੱਗ ਵਿੱਚ ਹੈ ਪਿਤਾ ਦੀ ਸ਼ਾਨ ਬਣਦੀ, ਨਾਤਾ ਜੌੜਦੇ ਨਾਲ ਸੰਸਾਰ ਪੁੱਤਰ।

ਜਦੋਂ ਆਣ ਗਲਵਕੜੀ ਪੁੱਤ ਪਾਂਦੇ, ਲਾਹ ਦੇਂਵਦੇ ਚੜ੍ਹਿਆ ਬੁਖਾਰ ਪੁੱਤਰ।
ਜਾਨ ਮਾਤਾ ਦੀ ਸੂਲੀ ਤੇ ਜਾਏ ਟੰਗੀ, ਹੋ ਜਾਏ ਜੇ ਕਦੀ ਬੀਮਾਰ ਪੁੱਤਰ।
ਦਾਹੜੀ ਪਿਓ ਦੀ ਜਾਂ ਦੁਸ਼ਮਣ ਹੱਥ ਹੋਵੇ, ਖਾ ਜਾਂਵਦੇ ਨੇ ਝੱਟ ਖਾਰ ਪੁੱਤਰ।
ਦੀਪ ਸਿੰਘ ਵਰਗੇ ਜੋਧੇ ਜੰਮਦੇ ਜਾਂ, ਕਰ ਦੇਂਵਦੇ ਉੱਚਾ ਮਿਆਰ ਪੁੱਤਰ।
ਧੱਰੂ ਭਗਤ ਵਰਗੇ ਜੇਕਰ ਹੋਣ ਪੈਦਾ, ਲਾ ਦੇਂਵਦੇ ਨੇ ਚੰਨ ਚਾਰ ਪੁੱਤਰ।
ਕੁਲਾ ਵਿੱਚ ਰੁਸ਼ਨਾਈ ਹੋ ਜਾਂਵਦੀ ਏ, ਨਾਤਾ ਜੋੜਦੇ ਨਾਲ ਸੰਸਾਰ ਪੁੱਤਰ।

ਪੈਦਾ ਹੋਣ ਜੇ ਭਗਤ ਪ੍ਰਹਿਲਾਦ ਵਰਗੇ, ਇੱਕੀ ਕੁਲਾਂ ਹੀ ਦੇਂਵਦੇ ਤਾਰ ਪੁੱਤਰ।
ਦਾਗ ਅੱਣਖ ਤਾਂਈ ਲੱਗਣ ਦੇਂਵਦੇ ਨਾ, ਚਿੱਣੇ ਜਾਣ ਜੋ ਨੀਹਾਂ ਵਿੱਚਕਾਰ ਪੁੱਤਰ।
ਲੱੜਕੇ ਵੈਰੀ ਦੇ ਨਾਲ ਸ਼ਹੀਦ ਹੋਂਦੇ, ਵਿਰਲੇ ਜੰਮਣ ਅਜੀਤ ਜੁਝਾਰ ਪੁੱਤਰ।
ਖਾਤਰ ਧਰਮ ਦੀ ਪਿੱਤਾ ਕੁਰਬਾਨ ਕਰਨਾ, ਗੁਰ ਗੋਬਿੰਦ ਜਹੇ ਹੋਣ ਬਲਕਾਰ ਪੁੱਤਰ।
ਪਿਤਾ ਦਏ ਬਣਬਾਸ ਤੇ ਹੱਸ ਜਾਂਦੇ, ਰਾਮ ਚੰਦਰ ਜਹੇ ਆਗਿਆਕਾਰ ਪੁੱਤਰ।
ਘਰ ਵਿੱਚ ਹੋ ਜਾਂਦੀਆਂ ਰੌਣਕਾਂ ਨੇ, ਨਾਤਾ ਜੋੜਦੇ ਨਾਲ ਸੰਸਾਰ ਪੁੱਤਰ।

ਮਾਤਾ ਪਿਤਾ ਨੂੰ ਮੋਢੇ ਤੇ ਫਿਰਨ ਚੁੱਕੀ ਵਿਰਲੇ ਹੋਂਵਦੇ ਸਰਵਨ ਕੁਮਾਰ ਪੁੱਤਰ।
ਵੈਰੀ ਤਾਂਈ ਨੇ ਭਾਜੜਾਂ ਪਾ ਦੇਂਦੇ, ਹੱਥੀਂ ਚੁਕਦੇ ਜਦੋਂ ਤਲਵਾਰ ਪੁੱਤਰ।
ਸਿੱਖੀ ਸਿਦਕ ਨਿਭਾਂਵਦੇ ਸੰਗ ਸੁਆਸਾਂ, ਸਿਰ ਤੋਂ ਖੋਪਰੀ ਲੈਣ ਉਤਾਰ ਪੁੱਤਰ।
ਬੁੱਢੇ ਮਾਪਿਆਂ ਦੀ ਹੱਥੀਂ ਕਰਨ ਸੇਵਾ, ਭਾਵੇਂ ਹੋਣ ਔਖੇ ਸੇਵਾਦਾਰ ਪੁੱਤਰ।
ਮਾਤਾ ਪਿਤਾ ਦਾ ਰੌਸ਼ਨ ਨਾਮ ਕਰਦੇ, ਬਣਦੇ ਦੇਸ਼ ਦੇ ਜਾਂ ਪਹਿਰੇਦਾਰ ਪੁੱਤਰ।

ਸਫਲ ਹੋਂਦੀ ਸੰਸਾਰ ਦੀ ਯਾਤਰਾ ਏ, ਨਾਤਾ ਜੋੜਦੇ ਨਾਲ ਸੰਸਾਰ ਪੁੱਤਰ।

ਕਈ ਮਾਪਿਆਂ ਨੂੰ ਠੇਡੇ ਮਾਰਦੇ, ਨੇ ਬਣ ਜਾਂਵਦੇ ਸਿਰ ਤੇ ਭਾਰ ਪੁੱਤਰ।
ਮਾਤਾ ਪਿਤਾ ਦੀ ਗੱਲ ਨਾ ਮੰਨਦੇ ਨੇ, ਕਰੀ ਜਾਂਵਦੇ ਸਗੋਂ ਖੁਆਰ ਪੁੱਤਰ।
ਮਾਤਾ ਪਿਤਾ ਨੂੰ ਕਰੀ ਕਰਜਾਈ ਜਾਂਦੇ, ਚੁੱਕ ਚੁੱਕ ਕੇ ਖਾਣ ਹੁਦਾਰ ਪੁੱਤਰ।
ਮਾਪੇ ਫਿਰਨ ਨੰਗੇ ਆਪ ਟੌਹਰ ਲਾਂਦੇ, ਪਿਉ ਮੰਗੇ ਤੇ ਕਰਨ ਇਨਕਾਰ ਪੁੱਤਰ।
ਠੇਡੇ ਮਾਰਦੇ ਨਾ ਹੱਥੀਂ ਕਰਨ ਸੇਵਾ, ਪਿੱਛੋਂ ਪਿਓ ਦੀ ਬੰਨਣ ਦਸਤਾਰ ਪੁੱਤਰ।
ਮਿਲੇ ਕਰਮਾ ਦੇ ਨਾਲ ਕਹੇ ਸੁਖ ਰਾਜਾ, ਨਾਤਾ ਜੋੜਦੇ ਨਾਲ ਸੰਸਾਰ ਪੁੱਤਰ।

ਸ੍ਰੀ ਆਦਿ ਗਰੰਥ

ਆਦਿ ਗਰੰਥ ਦੀ ਬੀੜ ਤਿਆਰ ਕਰਕੇ,
ਪੰਜਵੇ ਪਾਤਸ਼ਾਹ ਵੱਡਾ ਉਪਕਾਰ ਕੀਤਾ।
ਗੁਰੂਆਂ ਪੀਰਾਂ ਦੀ ਬਾਣੀ ਨੂੰ ਕਰ ਕੱਠੀ,
ਵੱਡਾ ਇਸ ਦਾ ਹੈ ਸਤਿਕਾਰ ਕੀਤਾ।
ਬਾਣੀ ਭਗਤਾਂ ਦੀ ਇਸ ਵਿੱਚ ਫਿੱਟ ਕਰਕੇ,
ਸਾਰੇ ਭਗਤਾਂ ਦਾ ਉੱਚਾ ਮਿਆਰ ਕੀਤਾ।
ਕਮੀ ਓਸ ਨੂੰ ਏਸ ਨਹੀ ਰਹਿਣ ਦਿੱਤੀ,
ਜਿਸ ਜਿਸ ਵੀ ਏਸ ਨੂੰ ਪਿਆਰ ਕੀਤਾ।
ਖੁਸ਼ੀ ਗਮੀ ਤੇ ਏਸ ਦਾ ਪਾਠ ਕਰਕੇ,
ਆਪਾ ਆਪਣਾ ਆਪ ਸਵਾਰ ਦੇ ਹਾਂ।
ਮਨੋਂ ਕਾਮਨਾ ਪੂਰੀ ਏਹ ਕਰੇ ਸਭ ਦੀ,
ਜੋ ਜੋ ਵੀ ਦਿਲ ਵਿਚ ਧਾਰਦੇ ਹਾਂ।

ਅੱਖਰ ਅੱਖਰ ਇਸਦਾ ਬੜਾ ਕੀਮਤੀ ਹੈ,
ਮੁਲ ਇਸਦਾ ਕੋਈ ਨਹੀਂ ਤਾਰ ਸਕਦਾ।
ਭਾਵੇਂ ਕਿੰਨਾ ਫਲਾਸਫਰ ਕੋਈ ਹੋਵੇ,
ਏਹਦੇ ਜਹੀ ਨਹੀਂ ਬਾਣੀ ਉਚਾਰ ਸਕਦਾ।
ਜਿਓਂ ਜਿਓਂ ਪੜ੍ਹੀਏ ਤਿਓਂ ਤਿਓਂ ਰਸ ਆਵੇ,
ਇਹਦੇ ਜਹੇ ਕੋਈ ਬਾਣ ਨਹੀਂ ਮਾਰ ਸਕਦਾ।
ਇਕ ਓ ਅੰਕਾਰ ਹੈ ਜਿਸ ਦਾ ਅਕਾਰ ਕੋਈ ਨਹੀਂ,
ਉਸ ਦੇ ਮਿਲਣ ਦਾ ਰਾਹ ਬਤਾਂਵਦਾ ਹੈ।
ਸਭਨਾ ਤਾਂਈ ਏਹ ਮੁਕਤੀ ਦਾ ਰਾਹ ਦੱਸੇ,
ਜੋ ਖੋਜੇ ਸੋ ਇਸ 'ਚੋਂ ਪਾਂਵਦਾ ਏ।

ਪੜਦੇ ਕੰਨਾ ਦੇ ਕਾਨੜਾ ਰਾਗ ਖੋਹਲੇ,
ਗਓੜੀ ਸੁਖਮਨੀ ਰੋਗ ਗੁਆਂਵਦੀ ਏ।

ਆਸਾਂ ਪੂਰੀਆਂ ਆਸਾ ਦੀ ਵਾਰ ਕਰਦੀ,
ਰਹਿਰਾਸ ਵੀ ਰਾਹ ਰੁਸ਼ਨਾਵਦੀ ਏ।
ਬਾਣੀ ਭਗਤਾਂ ਦੀ ਭਗਤੀ ਦੇ ਨਾਲ ਜੋੜੇ,
ਰਾਗ ਸੂਹੀ ਵੀ ਜੋੜ ਮਿਲਾਂਵਦੀ ਏ।
ਰਾਗ ਮਾਝ ਵਿਚੋਂ ਬਾਰਾਂ ਮਾਂਹ ਪੜ੍ਹਕੇ,
ਸੰਗਤ ਖੁਸ਼ੀਆਂ ਬਹੁਤ ਮਨਾਂਵਦੀ ਏ।
ਅਨੰਦ ਸਾਹਿਬ ਪੜ੍ਹ ਬੜਾ ਅਨੰਦ ਆਵੇ,
ਮਾਰੂ ਰਾਗ ਸਭ ਭਰਮ ਮਟਾਂਵਦਾ ਏ।
ਕੀਰਤਨ ਸੋਹਿਲੇ ਦਾ ਪਾਠ ਕਰ ਸੌਂ ਜਾਈਏ,
ਭੈ ਮਨ ਦੇ ਵਿੱਚ ਨਾ ਆਂਵਦਾ ਏ।

ਨਾਲ ਵਿਧੀ ਜੋ ਪਾਠ ਅਖੰਡ ਕਰਦਾ,
ਕਰੋੜਾਂ ਜੱਗ ਅਸਮੇਧ ਫਲ ਪਾਂਵਦਾ ਏ।
ਤੇਲ ਮਿੱਟੀ ਦਾ ਏਸ ਪਰ ਜੋ ਬਾਲੇ,
ਉਹੀ ਤੇਲ ਫਿਰ ਉਸਨੂੰ ਜਲਾਂਵਦਾ ਏ।
ਸੋਲਾਂ ਪਹਿਰ ਤੋਂ ਜੇ ਕਰ ਹੋ ਜਾਏ ਉਪਰ,
ਸਹਿਜ ਪਾਠ ਦਾ ਫਲ ਹੋ ਜਾਂਵਦਾ ਏ।
ਭਾਂਵੇ ਹੋਏ ਗਰੀਬ ਅਮੀਰ ਕੋਈ,
ਬੇੜੇ ਸਭ ਦੇ ਹੀ ਬੰਨੇ ਲਾਂਵਦਾ ਏ।
ਨਾਂਵੇ ਗੁਰਾਂ ਦੇ ਜਦੋਂ ਸਲੋਕ ਪੜ੍ਹੀਏ,
ਰੋਮ ਰੋਮ ਅੰਦਰ ਧੱਸੀ ਜਾਂਵਦੇ ਨੇ।
ਕਿਸੇ ਬੰਧਨ ਦੇ ਵਿੱਚ ਨਹੀ ਰਹਿਣ ਦੇਂਦੇ,
ਰਾਹ ਮੁਕਤੀ ਦਾ ਰਾਜਾ ਵਖਾਂਵਦੇ ਨੇ।

ਪਟਨੇ ਦੀ ਧਰਤੀ ਨੂੰ ਭਾਗ ਜਾ ਲਗਾਏ ਸੀ

ਪੋਹ ਸੁਦੀ ਸੱਤਵੀਂ ਨੂੰ ਸ਼੍ਰੀ ਦਸ਼ਮੇਸ ਜੀ ਨੇ,
ਪਟਨੇ ਦੀ ਧਰਤੀ ਨੂੰ ਭਾਗ ਜਾ ਲਗਾਏ ਸੀ।
ਦੇਂਵਦੇ ਵਧਾਈ ਸਾਰੇ ਆਕੇ ਮਾਤਾ ਗੁਜਰੀ ਨੂੰ,
ਖੁਸ਼ੀਆਂ ਦੇ ਗੀਤ ਸਭੇ ਨਰ ਨਾਰ ਗਾਏ ਸੀ।
ਖੁਸ਼ੀਆਂ ਮਨਾਈਆਂ ਹੈਸੀ ਬਹੁਤ ਮਾਤਾ ਨਾਨਕੀ ਨੇ,
ਭਰ ਭਰ ਬੁੱਕ ਮਠਿਆਈਆਂ ਵਰਤਾਏ ਸੀ।
ਸੁਣਿਆ ਸੰਦੇਸ਼ ਜਦੋਂ ਹੈਸੀ ਨਾਂਵੇ ਪਾਤਸ਼ਾਹ ਨੇ,
ਦੇਸ਼ ਜੀ ਬੰਗਾਲ ਵਾਜੇ ਖੁਸ਼ੀ ਦੇ ਵਜਾਏ ਸੀ।
ਚਾਰੋਂ ਹੀ ਤਰਫ ਆਕੇ ਖੁਸ਼ੀਆਂ ਵਛਾਏ ਜਾਲ,
ਫੁੱਲ ਫੁੱਲ ਫੁੱਲ ਸਾਰੇ ਮਹਿਕੇ ਮਹਿਕਾਏ ਸੀ।
ਭੌਰਿਆਂ ਨੇ ਫੁੱਲਾਂ ਉੱਤੇ ਬੈਠ ਕੇ ਗੁੰਜਾਰ ਲਾਈ,
ਮਿੱਠੇ ਮਿੱਠੇ ਗੀਤ ਬੁਲ ਬੁਲਾਂ ਨੇ ਸੁਣਾਏ ਸੀ।
ਮੌਲ ਪਈ ਧਰਤੀ ਤੇ ਮੌਲਿਆ ਆਕਾਸ਼ ਸਾਰਾ,
ਖੁਸ਼ੀ ਹੋਈ ਬਹੁਤ ਚੁੱਕੇ ਗਮੀਆਂ ਨੇ ਸਾਏ ਸੀ।
ਸੂਰਜ ਦੇ ਨਾਲੋਂ ਸੀ ਜਲਾਲ ਵੱਧ ਮੁਖੜੇ ਦਾ,
ਵੇਖਕੇ ਜਲਾਲ ਲੱਖਾਂ ਚੰਨ ਸ਼ਰਮਾਏ ਸੀ।
ਜਿਸ ਨੇ ਵੀ ਆਣਕੇ ਦੀਦਾਰ ਕੀਤਾ ਮੁੱਖੜੇ ਦਾ,
ਰੋਗ ਸੋਗ ਲੱਖਾਂ ਤੇ ਦਲਿਦਰ ਗਵਾਏ ਸੀ।
ਕਵਲ ਦੇ ਵਾਂਗਰਾ ਸੀ ਨੈਨ ਮੇਰੇ ਮਾਹੀ ਜੀ ਦੇ,
ਜਿੰਨ੍ਹਾਂ ਵੱਲੋਂ ਤਕ ਸਾਰੇ ਜੀਵ ਹਰਸ਼ਾਏ ਸੀ।
ਅਰਸ਼ਾਂ ਤੋਂ ਫਰਸ਼ਾਂ ਤੇ ਆਇਆ ਭਗਵਾਨ ਜਦੋਂ,
ਦੇਵਤਿਆਂ ਖੁਸ਼ੀ ਵਿੱਚ ਫੁੱਲ ਵਰਸਾਏ ਸੀ।
ਚਿਰਾਂ ਤੋਂ ਸੀ ਸੁੱਤੇ ਜਿਹੜੇ ਭਾਗ ਹਿੰਦ ਵਾਸੀਆਂ ਦੇ,
ਸ਼੍ਰੀ ਦਸ਼ਮੇਸ ਜੀ ਨੇ ਆਣਕੇ ਜਗਾਏ ਸੀ।
ਦੀਨਾ ਕੇ ਦਿਆਲ ਜਾਂ ਦਿਆਲ ਹੋਏ ਹਿੰਦੀਆਂ ਤੇ,
ਖੁਸ਼ੀਆਂ ਚ ਆਏ ਜਿਹੜੇ ਬਹੁਤ ਘਬਰਾਏ ਸੀ।

ਹਰ ਇੱਕ ਮੁੱਖੜੇ ਤੇ ਐਸਾ ਸੀ ਜਲਾਲ ਆਇਆ,
ਨਾਮ ਵਾਲਾ ਨਸ਼ਾ ਪੀ ਸਰੂਰ ਵਿੱਚ ਆਏ ਸੀ।
ਉਸ ਵੇਲੇ ਵਾਲੀ ਸੋਭਾ ਹੋਵੇ ਨਾ ਬਿਆਨ ਮੈਥੋਂ,
ਖੁਸ਼ੀਆਂ 'ਚ ਆਕੇ ਮਾਤਾ ਦੀਪ ਜਗਵਾਏ ਸੀ।
ਆਣਕੇ ਦਾਤਾਰ ਦਾਤੇ ਦਾਤ ਵਰਤਾਈ ਐਸੀ,
ਲੱਖਾਂ ਹੀ ਹਸਾਏ ਰਾਜਾ ਉਜੜੇ ਵਸਾਏ ਸੀ।

ਚੌਂਕੇ

ਵੇਖ ਚੰਦਰਮਾ ਖੁਸ਼ੀ ਸਭ ਹੋਏ ਦੁਨੀਆਂ,
ਐਪਰ ਸਭ ਤੋਂ ਵੱਧ ਚਕੋਰ ਹੋਵੇ।
ਘਟਾ ਸੌਣ ਦੀ ਤੱਕ ਸਭ ਖੁਸ਼ੀ ਹੋਵਣ,
ਖੁਸ਼ੀ ਸਭ ਤੋਂ ਵੱਧਕੇ ਮੋਰ ਹੋਵੇ।
ਕਾਲੀ ਰਾਤ ਅੰਦਰ ਕੁੱਝ ਵੀ ਸਜਦਾ ਨਹੀ,
ਕਾਲੀ ਰਾਤ ਅੰਦਰ ਖੁਸ਼ੀ ਚੋਰ ਹੋਵੇ।
ਸਾਧੂ ਸੰਤ ਇਕਾਂਤ ਵਿੱਚ ਖੁਸ਼ ਹੋਵਣ,
ਮੂਰਖ ਖੁਸ਼ ਰਾਜਾ ਜਿੱਥੇ ਸ਼ੋਰ ਹੋਵੇ।

ਸ਼ਕਲੋਂ ਝੱਟ ਬਦਾਮ ਹੈ ਦਿਸ ਪੈਂਦਾ,
ਸੁਟ ਦੇਈਏ ਜੇ ਵਿੱਚ ਖੁਰਮਾਨੀਆਂ ਦੇ।
ਦਿਸ ਪੈਂਦਾ ਹੈ ਝੱਟ ਰੁਪਈਆ ਵਿਚੋਂ,
ਸੁਟ ਦੇਈਏ ਜੇ ਵਿੱਚ ਚੁਆਨੀਆਂ ਦੇ।
ਝੱਟ ਪਰਖਿਆ ਜਾਂਵਦਾ ਸੂਮ ਬੰਦਾ,
ਬੈਠਾ ਹੋਵੇ ਭਾਂਵੇ ਵਿੱਚ ਦਾਨੀਆਂ ਦੇ।
ਰਾਜਾ ਓਸ ਤਾਂਈ ਸ਼ੋਭਾ ਨਹੀਂ ਪੈਂਦੀ,
ਬੈਠਾ ਰਹੇ ਜੋ ਵਿੱਚ ਜਨਾਨੀਆਂ ਦੇ।

ਸਮਾਂ

ਸਮਾਂ ਚਾਹੇ ਤੇ ਰਾਜ ਬਹਾ ਦੇਵੇ, ਸਮਾਂ ਚਾਹੇ ਤੇ ਸੂਲੀ ਤੇ ਟੰਗ ਦੇਵੇ।
ਜੀ ਚਾਹੇ ਤੇ ਸੱਭਾ ਵਿੱਚ ਲਾਜ ਰਖੇ, ਜੀ ਚਾਹੇ ਤੇ ਅੱਮਨ ਕਰ ਭੰਗ ਦੇਵੇ।
ਜੀ ਚਾਹੇ ਤੇ ਲੂਲੇ ਨੂੰ ਕਰੇ ਚੰਗਾ, ਜੀ ਚਾਹੇ ਤੇ ਤੋੜ ਇੱਕ ਟੰਗ ਦੇਵੇ।
ਜੀ ਚਾਹੇ ਤੇ ਮਿੰਟਾਂ ਵਿੱਚ ਰੋਗ ਕਟੇ, ਜੀ ਚਾਹੇ ਤਾਂ ਰਾਜਾ ਕਰ ਨੰਗ ਦੇਵੇ।

ਜੀ ਚਾਹੇ ਤੇ ਕੱਖ ਤੋ ਲੱਖ ਕਰਦੈ, ਜੀ ਚਾਹੇ ਤੇ ਲੱਖੋਂ ਕਰ ਕੱਖ ਦੇਵੇ।
ਜੀ ਚਾਹੇ ਤੇ ਅੰਨਿਆਂ ਨੈਣ ਦੇਵੇ, ਜੀ ਚਾਹੇ ਤੇ ਕੱਢ ਉਹ ਅੱਖ ਦੇਵੇ।
ਜੀ ਚਾਹੇ ਅਕਾਸ਼ੀਂ ਉਡਾ ਦੇਵੇ, ਜੀ ਚਾਹੇ ਤੇ ਥੱਲੇ ਹੀ ਰੱਖ ਦੇਵੇ।
ਜੀ ਚਾਹੇ ਤੇ ਕੌਡੀ ਨਾ ਮੁੱਲ ਪਾਵੇ, ਜੀ ਚਾਹੇ ਤੇ ਕਰ ਲੱਥ ਪੱਥ ਦੇਵੇ।

ਜਦੋਂ ਆ ਜਾਵੇ ਆਪਣੀ ਆਈ ਉੱਤੇ, ਵੱਡੇ ਵੱਡਿਆਂ ਦੇ ਤੋੜ ਦੰਦ ਦੇਂਦਾ।
ਇਹ ਜਿਮੀ ਅਸਮਾਨ ਦੇ ਪਾਏ ਪਾੜੇ, ਨਿੱਤ ਚਾਹੜ ਕੋਈ ਨਵਾਂ ਹੀ ਚੰਦ ਦੇਂਦਾ।
ਜੀ ਚਾਹੇ ਤੇ ਕਰ ਇੱਕ ਮੁੱਠ ਦੇਵੇ, ਜੀ ਚਾਹੇ ਤੇ ਕਰ ਤੰਦ ਤੰਦ ਦੇਂਦਾਂ।
ਜੀ ਚਾਹੇ ਕਰ ਚਤਰ ਨੂੰ ਮੂੜ੍ਹ ਦੇਵੇ, ਜੀ ਚਾਹੇ ਤੇ ਕਰ ਅਕਲਮੰਦ ਦੇਂਦਾ।

ਸਮਾਂ ਚਲਦਾ ਹੈ ਜਦੋਂ ਚਾਲ ਪੁੱਠੀ, ਉਦੋਂ ਪੁੱਠੀਆਂ ਹੀ ਗੱਲਾਂ ਫੁਰਦੀਆਂ ਨੇ।
ਨਹੀ ਕਿਸੇ ਦੀ ਪੇਸ਼ ਏਹ ਜਾਣ ਦੇਂਦਾ, ਹੋਵਣ ਉਹ ਜੋ ਲਿਖੀਆਂ ਧੁਰ ਦੀਆਂ ਨੇ।
ਇਹ ਗੁਰੂ ਤੇ ਪੀਰ ਨੂੰ ਬਖਸ਼ਦਾ ਨਹੀਂ, ਸਮੇਂ ਨਾਲ ਲੱਖਾਂ ਜਾਨਾ ਖੁਰਦੀਆਂ ਨੇ।
ਜੀ ਚਾਹੇ ਤੇ ਫੁਲਾਂ ਤੇ ਤੋਰ ਦੇਵੇ, ਜੀ ਚਾਹੇ ਤੇ ਸੂਲਾਂ ਤੇ ਤੁਰਦੀਆਂ ਨੇ।

ਸਮੇਂ ਨਾਲ ਹੈ ਭਾਈ ਦਾ ਭਾਈ ਬਣਦਾ, ਸਮੇਂ ਨਾਲ ਭਾਈ ਭਾਈ ਨੂੰ ਵੱਢ ਦਾ ਏ।
ਪੁੱਤਰ ਪਿਓ ਤਾਂਈ ਪਿਓ ਪੁੱਤ ਤਾਂਈ, ਸਮੇਂ ਨਾਲ ਘਰ ਤੋਂ ਬਾਹਰ ਕੱਢਦਾ ਏ।
ਪਿਉ ਪੁੱਤ ਦੀ ਸਮਾਂ ਨਹੀ ਰਹਿਣ ਦੇਂਦਾ, ਭਾਂਵੇ ਸਾਕ ਹੋਂਦਾ ਚੰਮ ਹੱਡ ਦਾ ਏ।
ਸਮਾਂ ਓਸ ਨੂੰ ਵੀ ਨੱਥ ਪਾ ਦੇਂਦਾ ਵਿੱਚ ਰਸ਼ਿਤਿਆ ਜੋ ਕਿੱਲੇ ਗੱਡਦਾ ਏ।

ਸਮੇਂ ਸਮੇਂ ਨੇ ਸਾਰੇ ਸਮਰੱਥ ਹੁੰਦੇ, ਸਮੇਂ ਨਾਲ ਹੋਵਨ ਆਸਾਂ ਪੂਰੀਆਂ ਨੇ।
ਸਮੇਂ ਨਾਲ ਹੈ ਗੂਹੜਾ ਪਿਆਰ ਪੈਂਦਾ, ਸਮੇਂ ਸਮੇਂ ਹੋ ਜਾਂਦੀਆਂ ਦੂਰੀਆਂ ਨੇ।
ਕਿਸੇ ਸਮੇਂ ਨਹੀ ਸਮੇਂ ਦੀ ਸਮਝ ਔਂਦੀ, ਸਮੇਂ ਨਾਲ ਹੋ ਜਾਣ ਮਜਬੂਰੀਆਂ ਨੇ।
ਸਮਾਂ ਕਿਸੇ ਦਾ ਨਹੀ ਲਿਹਾਜ ਕਰਦਾ, ਰਾਜਾ ਕਰੇ ਜੋ ਦੂੱਧ ਕਰੂਰੀਆ ਨੇ।

ਸਮੇਂ ਨਾਲ ਕੈਰਵ ਪਾਂਡਵ ਨਸ਼ਟ ਹੋ ਗਏ, ਸਮੇਂ ਨਾਲ ਸੀ ਰਾਵਨ ਦਾ ਨਾਸ਼ ਹੋਇਆ।
ਸਮੇਂ ਨਾਲ ਦਸਰਥ ਮਹਿਲੋਂ ਡਿੱਗ ਮੋਇਆ, ਸਮੇਂ ਨਾਲ ਸੀ ਰਾਮ ਬਨਬਾਸ ਹੋਇਆ।
ਸਮੇਂ ਨਾਲ ਸੀ ਵਾਰ ਪਰਵਾਰ ਦਿੱਤਾ, ਸਮੇਂ ਨਾਲ ਸੀ ਸੱਥਰ ਨਵਾਸ ਹੋਇਆ।
ਸਮੇਂ ਨਾਲ ਸੀ ਸੋਨੇ ਦਾ ਦਾਨ ਕਰਦਾ, ਸਮੇਂ ਨਾਲ ਰੱਣ ਭੂੰਮ ਉਦਾਸ ਹੋਇਆ।

ਏਸੇ ਸਮੇਂ ਜਨਮੇਜੇ ਨੂੰ ਕੋਹੜ ਕੀਤਾ, ਏਸੇ ਬਲ ਪਾਤਾਲ ਪਹੁੰਚਾਇਆ ਸੀ।
ਹਰੀ ਚੰਦ ਚੰਡਾਲਾਂ ਦੇ ਘਰ ਵਿਕਿਆ, ਰਕਤ ਬੀਜ ਦਾ ਨਾਸ ਕਰਾਇਆ ਸੀ।
ਰਾਜੇ ਮਾਨ ਧਾਤੇ ਏਥੋਂ ਕੂਚ ਕੀਤਾ, ਸਮੇਂ ਇੰਦਰ ਨੂੰ ਆਣ ਰੁਆਇਆ ਸੀ।
ਕੰਸ ਦੇਵਕੀ ਨੂੰ ਪਕੜ ਕੈਦ ਕੀਤਾ, ਸਮੇਂ ਕੰਸ ਨੂੰ ਪਕੜ ਗਿਰਾਇਆ ਸੀ।

ਵੇਖੋ ਕਿਵੇਂ ਹਰਨਾਕਸ਼ ਦਾ ਕਾਲ ਆਇਆ, ਏਸ ਸਮੇਂ ਮਧ ਕੀਟਮ ਸੰਘਾਰਿਆ ਸੀ।
ਸਮੇਂ ਨਾਲ ਧਨਵੰਤਰ ਸਵਾਹ ਹੋਇਆ, ਏਸੇ ਸਮੇਂ ਲੁਕਮਾਨ ਨੂੰ ਮਾਰਿਆ ਸੀ।
ਸਮੇਂ ਨਾਲ ਕ੍ਰਿਸ਼ਲ ਭਗਵਾਨ ਤੁਰ ਗਏ, ਕਾਰੂ ਛਡ ਖਜਾਨੇ ਸਧਾਰਿਆ ਸੀ।
ਦਿਲੀ ਛੱਡ ਦਿਲੀਸਰ ਵੀ ਸਭ ਤੁਰ ਗਏ, ਰਾਜਾ ਸਮੇਂ ਅਗੇ ਹਰ ਕੋਈ ਹਾਰਿਆ ਸੀ।

ਅਕਾਲ ਪੁਰਖ ਦੀ ਉਸਤੱਤ

ੴ ਅੰਕਾਰ ਨੂੰ ਅਨੇਕ ਵਾਰ ਨਮੋ ਕਰਾਂ,
ਜਿਸ ਨੇ ਚੌਰਾਸੀ ਲੱਖ ਜੂੰਨ ਉਪਜਾਈ ਏ।
ਪਾਰਾ ਵਾਰ ਅੱਜ ਤਕ ਜਿਸ ਦਾ ਨਾ ਪਾਇਆ ਕਿਸੇ,
ਨਾ ਕੋਈ ਜਾਤ ਪਾਤ ਤਾਤ ਨਾ ਕੋਈ ਮਾਈ ਏ।
ਪੀਰ ਤੇ ਫ਼ਕੀਰ ਸਾਰੇ ਜਿਸ ਦਾ ਜਪਤ ਜਾਪ,
ਨਾ ਕੋਈ ਅੰਗ ਸਾਕ ਛਤਰੂ ਨਾ ਭਾਈ ਏ।
ਜਿਸ ਦੇ ਹੁਕਮ ਵਿੱਚ ਨਾਚਤ ਮਿਰਗ ਮੋਰ,
ਪੌਣ ਅਤੇ ਪਾਣੀ ਅੱਗ ਜਿੰਨੇ ਉਕਸਾਈ ਏ।
ਸਾਧ ਅਤੇ ਸੰਤ ਤੇ ਮਹੰਤ ਪੀਰ ਔਲੀਏ ਵੀ,
ਦਾਨੇ ਭਰਦਾਨੇ ਤੇ ਬਨਾਏ ਕਈ ਸ਼ੁਦਾਈ ਏ।
ਕੁਬੇਰ ਤੇ ਸੁਮੇਰ ਸਾਰੇ ਜਿਸ ਨੂੰ ਧਿਆਂਵਦੇ ਨੇ,
ਜੀਵ ਜੰਤ ਸਾਰੇ ਅਤੇ ਪੂਜਦੀ ਲੁਕਾਈ ਏ।
ਵਿਸ਼ਨੂ ਬ੍ਰਹਮਾ ਜਿੰਨੇ ਲਖਾਂ ਉਪਜਾਏ ਸ਼ਿਵ,
ਏਕ ਤੋਂ ਅਨੇਕ ਕਰੇ ਉਸ ਦੀ ਦਾਨਾਈ ਏ।
ਆਂਡੇ ਉਤੋਂ ਜਿਸ ਸਾਰਾ ਰੱਚ ਬ੍ਰਹਿਮੰਡ ਦਿੱਤਾ,
ਅਕਾਸ਼ ਤੇ ਪਤਾਲ ਜਿਸ ਧਰਤੀ ਬਨਾਈ ਏ।
ਸੂਰਜ ਤੇ ਤਾਰੇ ਸਾਰੇ ਉਸ ਦੇ ਬਨਾਏ ਹੋਏ,
ਲਿਅਵਨੇ ਲਜਾਵਨੇ ਦੀ ਰੀਤ ਵੀ ਚਲਾਈ ਏ।
ਅਲਪ ਅਹਾਰੀ ਤੇ ਭੰਡਾਰੀ ਵੱਡਾ ਕੁੱਲ ਨਾਲੋਂ,
ਪੀਂਵਦਾ ਨਾ ਪਾਣੀ ਨਾਹੀ ਰੋਟੀ ਕਦੇ ਖਾਈ ਏ।
ਸਾਰੀ ਹੀ ਸਰਿਸ਼ਟੀ ਦਾ ਮਾਲਕ ਤੇ ਪਾਲਕ ਵੀ,
ਰਹਿੰਦਾ ਨਿਰਲੇਪ ਸੱਦਾ ਖੱਟਦਾ ਭਲਾਈ ਏ।
ਧੀਆਂ ਅਤੇ ਪੁੱਤ ਸਾਰੇ ਓਸੇ ਦੇ ਬਨਾਏ ਹੋਏ,
ਸਾਰੀ ਹੀ ਸਰਿਸ਼ਟ ਹੁਕਮ ਓਸੇ ਦੇ ਦਬਾਈ ਏ।
ਰੂਪ ਨਾ ਸਰੂਪ ਨਾ ਓਹ ਕੁਬਜ ਨਾ ਕਰੂਪ ਹੈਜੇ,
ਨਾ ਹੈ ਉਹ ਸੌਹਰਾ ਤੇ ਨਾ ਕਿਸੇ ਦਾ ਜਵਾਈ ਏ।

ਕਾਮ ਤੇ ਕ੍ਰੋਧ ਲੋਭ ਮੋਹ ਉਹਦੇ ਵੱਸ ਵਿੱਚ,
ਕਿਬਰ ਹੰਕਾਰ ਤਾਂਈ ਢਾਹ ਜਾਂਦਾ ਲਾਈ ਏ।
ਹਰ ਜਗਾ ਹਰ ਵੇਲੇ ਸਭ ਦੇ ਹੈ ਅੰਗ ਸੰਗ,
ਹਰ ਇੱਕ ਜੀਵ ਤਾਂਈ ਜਾਂਵਦਾ ਜਪਾਈ ਏ।
ਤੀਨ ਲੋਕ ਵਿਚ ਜੋ ਵਿਆਪਕ ਹੈ ਹਰ ਵੇਲੇ,
ਯਾਦ ਰਖੋ ਉਹਨੂੰ ਰਾਜਾ ਦੇਂਵਦਾ ਦੁਹਾਈ ਏ।

ਕਿਰਤੀ

ਕਿਰਤੀ ਨੂੰ ਸਭ ਚੂੰਡਦੇ, ਕਿਰਤੀ ਨਾ ਚੂੰਡੇ।
ਕਿਰਤੀ ਨੂੰ ਸਭ ਰਗੜ ਦੇ, ਜਿਉਂ ਮਿਰਚਾਂ ਕੂੰਡੇ।
ਸਭ ਏਸ ਦੁਆਲੇ ਆਂਵਦੇ, ਜਿਉਂ ਖੱਖਰ ਭੂੰਡੇ।
ਇਸਦੇ ਦਰ ਅੱਲਖ ਜਗਾਵਦੇ, ਕੰਨ ਪਾਟੇ ਮੂੰਡੇ।
ਘਰ ਇਸ ਦੇ ਸੰਨਾਂ ਲਾਂਵਦੇ, ਲੰਡੇ ਤੇ ਗੁੰਡੇ।
ਸਭ ਕਿਰਤ ਏਸ ਦੀ ਖਾਂਵਦੇ, ਜਿਓ ਲੱਕੜ ਸੂੰਡੇ।
ਸਭ ਇਸ ਨੂੰ ਏਦਾਂ ਕੱਟ ਦੇ, ਜਿਓ ਨਾਈ ਜੂੰਡੇ।
ਇਸ ਵਰਗਾ ਰਾਜਾ ਕੋਈ ਨਾ, ਮੈਂ ਧਰਤੀ ਢੂੰਡੇ।

ਧਰਤੀ

ਅੰਨਦਾਤੀ ਹੈ ਸਭਦੀ, ਪਰ ਹੈ ਨਿਮਾਣੀ।
ਰਾਜਾ ਰੰਕ ਬਰਾਬਰੀ, ਵੰਡ ਕਰੇ ਨਾ ਕਾਣੀ।
ਪਾਪੀ ਤੇ ਅਪਰਾਧੀਆਂ, ਦੇਵੇ ਅੰਨ ਪਾਣੀ।
ਸਭ ਇਸ ਦੇ ਤਾਂਈ ਰਿੜਕਦੇ, ਜਿਓਂ ਦੁੱਧ ਮਧਾਣੀ।
ਦੁੱਖ ਰਤਾ ਨਾ ਮੰਨਦੀ, ਸਭਨਾ ਮੰਨ ਭਾਣੀ।
ਸੱਭੇ ਮਾਲਕ ਏਸ ਦੇ, ਸਭਨਾ ਨੇ ਛਾਣੀ।
ਹੈ ਧਰਤੀ ਮਾਤਾ ਸਭ ਦੀ, ਸਭ ਗੋਦ ਖਡਾਣੀ।
ਰਾਜਾ ਖਲਕਤ ਰੱਬ ਦੀ, ਇਸ ਵਿੱਚ ਸਮਾਣੀ।

ਆਦਤ

ਤੁਮਾ ਕੌੜ ਨਾ ਛੱਡਦਾ, ਸੌ ਵਾਰੀ ਧੋਈਏ।
ਫੰਡਰ ਦੁੱਧ ਨਾ ਦੇਂਵਦੀ, ਭਾਂਵੇ ਬਹਿ ਚੋਈਏ।
ਸੱਪ ਨਾ ਛੱਡੇ ਵਿਸ ਨੂੰ, ਦੁੱਧ ਵਿੱਚ ਡਬੋਈਏ।
ਸੁਰਤੀ ਕੈਦ ਨਾ ਹੋਂਵਦੀ, ਪਏ ਬੂਹੇ ਢੋਈਏ।
ਗੁਣ ਅਵਗੁਣ ਨਹੀ ਲੁਕਦੇ, ਕਈ ਵਾਰ ਲਕੋਈਏ।
ਮੱਖਨ ਬੋਤੀ ਦੁੱਧ ਨਾ, ਪਏ ਰੋਜ ਬਲੋਈਏ।
ਅੰਨੇ ਦਿਸ ਨਾ ਆਂਵਦਾ, ਭਾਵੇਂ ਬਹਿ ਰੋਈਏ।
ਬੋਲੇ ਸੁਣਦਾ ਰਾਗ ਨਾ, ਪਏ ਮੱਗਜ ਖਪੋਈਏ।
ਗੂੰਗਾ ਬੋਲ ਨਾ ਸਕਦਾ, ਭਾਂਵੇ ਪਏ ਕੋਹੀਏ।
ਕਾਲਾ ਖੁੰਬ ਨਾ ਹੋਂਵਦਾ, ਸਾਬਨ ਪਏ ਖੋਈਏ।
ਠੰਡ ਨਾ ਲੱਗੇ ਪੱਥਰਾਂ, ਵਿੱਚ ਬਰਫ ਡਬੋਈਏ।
ਰਾਜਾ ਮਨਮੁੱਖ ਵੇਖੀਏ, ਤਾਂ ਬੂਹਾ ਢੋਈਏ।

ਭਾਰਤ ਵਰਸ਼ ਦੀ ਧਰਤੀ ਨੂੰ ਪ੍ਰਨਾਮ

ਭਾਰਤ ਵਰਸ਼ ਦੀ ਧਰਤੀ ਤਾਂਈ, ਕਰਦਾ ਹਾਂ ਪਰਨਾਮ।
ਇਸ ਦੇ ਵੀਰ ਬਹਾਦਰਾਂ ਕੀਤਾ, ਇਸਦਾ ਉੱਚਾ ਨਾਮ।

ਹਰੇ ਭਰੇ ਨੇ ਖੇਤ ਏਸ ਦੇ, ਠੰਡੀਆਂ ਠੰਡੀਆਂ ਛਾਵਾਂ।
ਸ਼ੈਲ ਛਬੀਲੇ ਗਬਰੂ ਇਸਦੇ, ਚੁੰਘਦੇ ਮੱਝੀਆਂ ਗਾਵਾਂ।
ਲੋੜ ਪੈਣ ਤੇ ਇਸ ਦੇ ਉੱਤੋਂ, ਜਿੰਦੜੀ ਘੋਲ ਘੁਮਾਂਵਾਂ।
ਹੱਸ ਹੱਸ ਚੜ੍ਹ ਜਾਂ ਫਾਸੀਂ ਉੱਤੇ, ਗੀਤ ਵਤਨ ਦੇ ਗਾਂਵਾਂ।
ਇਸ ਦੀ ਰਾਖੀ ਕਰੀਏ ਵੀਰੋ, ਸਦਾ ਸੁਬਹ ਤੇ ਸ਼ਾਂਮ।
ਭਾਰਤ ਵਰਸ਼ ਦੀ ਧਰਤੀ ਤਾਂਈ, ਕਰਦਾ ਹਾਂ ਪਰਨਾਮ।

ਗੁਰੂ ਨਾਨਕ ਅਵਤਾਰ ਧਾਰ ਕੇ, ਇਸ ਨੂੰ ਉੱਚਾ ਕੀਤਾ।
ਤੇਗ ਬਹਾਦਰ ਹਿੰਦ ਦੀ ਚਾਦਰ, ਜਾਂਮ ਸ਼ਹਾਦਤ ਪੀਤਾ।
ਜੋਰਾਵਰ ਫਤੇ ਸਿੰਘ ਵੀਰਾਂ, ਵੀ ਪਾ ਰੁਤਬਾ ਲੀਤਾ।
ਰੱਖਕੇ ਨੀਹ ਸਿਰਾਂ ਦੇ ਉੱਤੇ, ਦੁਸ਼ਮਨ ਤਾਂਈ ਜੀਤਾ।
ਬੰਦਾ ਸਿੰਘ ਬਹਾਦਰ ਵੇਖੋ, ਸੂਰਾ ਸੀ ਵਰਿਆਮ।
ਭਾਰਤ ਵਰਸ਼ ਦੀ ਧਰਤੀ ਤਾਂਈ, ਕਰਦਾ ਹਾਂ ਪਰਨਾਮ।

ਇਸਦੀ ਧਰਤੀ ਉੱਤੇ ਕਿਤਨੇ, ਪੀਰ ਪੈਗੰਬਰ ਹੋਏ।
ਭਗਤ ਸਿੰਘ ਸਰਾਭੇ ਵਰਗੇ, ਇਸ ਦੀ ਖਾਤਰ ਮੋਏ।
ਹੀਰਾ ਸਿੰਘ ਵਰਿਆਮ ਸਿੰਘ ਵੀ, ਤੋਪਾਂ ਅਗੇ ਖਲੋਏ।
ਬਿਸ਼ਨ ਸਿੰਘ ਨੇ ਕਾਵਨ ਵਰਗੇ, ਕੀਤੇ ਸੀ ਅਧਮੋਏ।
ਊਧਮ ਸਿੰਘ ਇਗਲੈਂਡ 'ਚ ਦਿੱਤਾ, ਗੋਰੇ ਨੂੰ ਪੈਗਾਮ।
ਭਾਰਤ ਵਰਸ਼ ਦੀ ਧਰਤੀ ਤਾਂਈ, ਕਰਦਾ ਹਾਂ ਪਰਨਾਮ।

ਜੁਗ ਜੁਗ ਜੀਵੇ ਭਾਰਤ ਵਾਸੀ ਸਦਾ ਜਵਾਨੀਆ ਮਾਣੇ।
ਇਸਦੇ ਕਿਰਤੀ ਪੈਦਾ ਕਰਦੇ, ਸੋਨੇ ਵਰਗੇ ਦਾਣੇ।

ਦੇਸ਼ ਦੀਆਂ ਸਰਹੱਦਾਂ ਉੱਤੇ, ਜਾਕੇ ਛਾਤੀ ਤਾਣੇ।
ਹਿੰਦੂ ਮੁਸਲਮ ਸਿੱਖ ਈਸਾਈ, ਵਸਦੇ ਲੋਕ ਸਿਆਣੇ।
ਇਕ ਮੁੱਠ ਹੋਕੇ ਵਸੋ ਰਾਜਾ, ਲੱਗ ਨ ਜਾਵੇ ਲਾਮ
ਭਾਰਤਵਰਸ਼ ਦੀ ਧਰਤੀ ਤਾਈਂ, ਕਰਦਾ ਹਾਂ ਪ੍ਰਨਾਮ।

ਬ੍ਰਿਹੋਂ ਰੜਕ

ਸਭ ਤੋਂ ਭੈੜੀ ਬ੍ਰਿਹੋਂ ਰੜਕਣ, ਜੋ ਹਰ ਦਮ ਸੀਨੇ ਰੜਕੇ।
ਯਾਦ ਸੱਜਨ ਦੀ ਜਦ ਵੀ ਆਵੇ, ਕੋਲੇ ਹੋ ਜਾਂ ਸੜਕੇ।
ਮੱਛਲੀ ਵਾਂਗੂੰ ਤੜਫ ਤੜਫ ਕੇ, ਸਾਰੀ ਰਾਤ ਗੁਜਾਰੀ।
ਜੇ ਵੱਸ ਮੇਰੇ ਹੋਵੇ ਚੰਨਾਂ, ਮਰ ਜਾਵਾਂ ਸਿਰ ਚੜ੍ਹਕੇ।
ਨੈਣ ਕਟੋਰੇ ਹਰ ਦਮ ਛਲਕਣ, ਰੋਮ ਰੋਮ 'ਚੋਂ ਪੀੜਾਂ।
ਧੜਕ ਧੜਕ ਦਿਲ ਜਦ ਵੀ ਕਰਦਾ, ਬਹਿ ਜਾਂ ਉਸ ਨੂੰ ਫੜਕੇ।
ਵਾਂਗ ਬੀਮਾਰਾਂ ਹਰ ਦਮ ਦਿਸਾਂ, ਰੋਗ ਨਾ ਲਭੇ ਕੋਈ।
ਖੁਲ੍ਹੇ ਵਾਲ ਗਲੇ ਵਿਚ ਲੱਟਕਣ, ਜਦ ਵੀ ਉਠਾਂ ਤੜਕੇ।
ਸੱਜਣ ਜਾ ਪ੍ਰਦੇਸੀਂ ਬੈਠਾ, ਨਾ ਕੋਈ ਪਾਵੇ ਪਾਤੀ।
ਜਦ ਵੀ ਕਾਗ ਬਨੇਰੇ ਬੋਲੇ, ਵੇਖਾਂ ਬੂਹੇ ਖੜ ਕੇ।
ਰਾਜੀ ਸਦਾ ਰਜ਼ਾ ਵਿੱਚ ਰਹਿਕੇ, ਹਰਦਮ ਰਾਜਾ ਵੱਸਾਂ।
ਪਰ ਵੱਸ ਤੋਂ ਬੇਵੱਸ ਹੋ ਜਾਵਾਂ, ਜਾਂ ਬ੍ਰਿਹੋਂ ਅਗਨੀ ਭੜਕੇ।

ਧਿਆਨ ਵਿੱਚ ਰੱਖਣ ਵਾਲੀਆਂ ਗੱਲਾਂ

ਸੋਟੀ ਬਿਨਾ ਕਦੇ ਚਲੀਏ ਨਾ ਰਾਤ ਨੂੰ।
ਟਿਚਰਾਂ ਨਾ ਕਰੀਏ ਮਰਾਸੀ ਜਾਤ ਨੂੰ।
ਹਰ ਗੱਲ ਵਿੱਚ ਹੋਂਵਦਾ ਹੈ ਰਾਜ ਜੀ।
ਵਿਤੋਂ ਵੱਧ ਕਦੀ ਦੇਵੀਂਏ ਨਾ ਦਾਜ ਜੀ।
ਭੁਲਕੇ ਨਾ ਛੇੜੀਏ ਪਰਾਈ ਨਾਰ ਨੂੰ।
ਔਖੇ ਵੇਲੇ ਧੋਖਾ ਦੇਵੀਏ ਨਾ ਯਾਰ ਨੂੰ।
ਸੰਗਤ 'ਚ ਬੈਠਕੇ ਨਾ ਪਾਈਏ ਡੰਡ ਜੀ।
ਸੌਣ ਵਿੱਚ ਸੋਚ ਕੇ ਖਰੀਦੋ ਖੰਡ ਜੀ।
ਜਿਸ ਗੱਲ ਵਿੱਚ ਹੋਂਦਾ ਹੋਵੇ ਸੁੱਖ ਜੀ।
ਓਸ ਵੱਲੋਂ ਕਦੀ ਨਾ ਭਵਾਈਏ ਮੁਖ ਜੀ।
ਜਿਸ ਗਲ ਵਿਚ ਹੋਂਦਾ ਹੋਵੇ ਦੁੱਖ ਜੀ।
ਓਸ ਵੱਲ ਕਰੋ ਭੁਲਕੇ ਨਾ ਰੁਖ ਜੀ।
ਸਖੀ ਆਦਮੀ ਦੇ ਕੋਲੋਂ ਸ਼ਰਮਾਈਏ ਨਾ।
ਸੂਮ ਅੱਗੇ ਜਾਕੇ ਹੱਥਾਂ ਨੂੰ ਫੈਲਾਈਏ ਨਾ।
ਜਿਸ ਆਦਮੀ ਦੇ ਨਾਲ ਹੋਵੇ ਖਾਰ ਜੀ।
ਕਰੋ ਓਸ ਤੇ ਨਾ ਕਦੇ ਇਤਬਾਰ ਜੀ।
ਰੱਟੇ ਖੋਰ ਤਾਈਂ ਕਰਜਾ ਚੁਕਾਈਏ ਨਾ।
ਵੱਡਿਆ ਦੀ ਮੱਤ ਨੂੰ ਦਿਲੋਂ ਭੁਲਾਈਏ ਨਾ।
ਸੱਪਾਂ ਦੇ ਨਾ ਪੁੱਤ ਹੋਂਵਦੇ ਨੇ ਮੀਤ ਜੀ।
ਪੁਲਸੀਆਂ ਦੇ ਨਾਲ ਪਾਈਏ ਨਾ ਪ੍ਰੀਤ ਜੀ।
ਦਿਲ ਵਿੱਚ ਕਦੇ ਰਖੀਏ ਨਾ ਖੋਟ ਜੀ।
ਭੁੱਖ ਤੋਂ ਬਗੈਰ ਖਾਵੀਏ ਨਾ ਰੋਟ ਜੀ।
ਨਾਰੀ ਤਾਂਈ ਸਾਰਾ ਭੇਤ ਬਤਲਾਈਏ ਨਾ।
ਵੇਹੜੇ ਵਿਚਕਾਰ ਬੇਰੀ ਵੀ ਲਗਾਈਏ ਨਾ।
ਅੱਗ ਕਦੀ ਘਰ ਦੂਸਰੇ ਦੇ ਲਾਈਏ ਨਾ।
ਬਲਦੀ ਦੇ ਉਤੇ ਰਾਜਾ ਤੇਲ ਪਾਈਏ ਨਾ।

ਕੋਈ ਕੋਈ

ਗਾਨਾਂ ਸ਼ਗਨਾ ਦਾ ਤਾਂ ਹਰ ਕੋਈ ਬੰਨ ਸਕਦੈ, ਲਾੜੀ ਮੌਤ ਨੂੰ ਵਰੇ ਤਾਂ ਵਰੇ ਕੋਈ ਕੋਈ।
ਪੱਕੇ ਘੜੇ ਉਤੇ ਹਰ ਕੋਈ ਤਰ ਸਕਦੈ, ਐਪਰ ਕੱਚੇ ਤੇ ਤਰੇ ਤਾਂ ਤਰੇ ਕੋਈ ਕੋਈ।
ਆਪਣੇ ਆਪ ਦੀ ਰਾਖੀ ਹਰ ਕੋਈ ਕਰਦੈ, ਰਾਖੀ ਦੇਸ਼ ਦੀ ਕਰੇ ਤਾਂ ਕਰੇ ਕੋਈ ਕੋਈ।
ਸੌਦੇ ਨਿਤ ਬਜ਼ਾਰ ਦੇ ਵਿੱਚ ਹੋਵਨ, ਸੌਦੇ ਸਿਰਾਂ ਦੇ ਕਰੇ ਤਾਂ ਕਰੇ ਕੋਈ ਕੋਈ।
ਮਹਿਲ ਕੌਮ ਦੇ ਪੱਕੇ ਬਣਾਣ ਖਾਤਰ, ਪੁਤਰ ਨੀਹਾਂ ਵਿਚ ਭਰੇ ਤਾਂ ਭਰੇ ਕੋਈ ਕੋਈ।
ਰਖਿਆ ਡੁੱਬਦੇ ਧਰਮ ਦੀ ਕਰਨ ਖਾਤਰ, ਭੇਟਾ ਸੀਸ ਦੀ ਕਰੇ ਤਾਂ ਕਰੇ ਕੋਈ ਕੋਈ।
ਧਨ ਦੋਲਤਾਂ ਦਾਨ ਕੋਈ ਕਰ ਸਕਦੈ ਦਾਨ ਪੁੱਤਾਂ ਦਾ, ਕਰੇ ਤਾਂ ਕਰੇ ਕੋਈ ਕੋਈ।
ਠੰਡੀ ਬਰਫ ਵਿੱਚ ਤਾਂ ਹਰ ਕੋਈ ਠਰ ਸਕਦੈ, ਠੰਡੇ ਬੁਰਜਾਂ ਵਿੱਚ ਠਰੇ ਤਾਂ ਠਰੇ ਕੋਈ ਕੋਈ।
ਸੂਰੇ ਲੱਖ ਮੈਦਾਨ ਦੇ ਵਿਚ ਜਾਵਨ, ਸੀਸ ਤਲੀ ਤੇ ਧਰੇ ਤਾਂ ਧਰੇ ਕੋਈ ਕੋਈ।
ਰਖਿਆ ਗਊ ਗਰੀਬ ਦੀ ਕਰਨ ਖਾਤਰ, ਪੈਰ ਫਾਂਸੀ ਤੇ ਧਰੇ ਤਾਂ ਧਰੇ ਕੋਈ ਕੋਈ।
ਟੋਲੇ ਆਸ਼ਕਾਂ ਦੇ ਫਿਰਦੇ ਬਹੁਤ ਵੇਖੇ, ਸੱਚੀ ਆਸ਼ਕੀ ਕਰੇ ਤਾਂ ਕਰੇ ਕੋਈ ਕੋਈ।
ਮੌਤ ਨਾਲ ਇਨ੍ਹਸਾਨ ਹਰ ਕੋਈ ਮਰਦੈ, ਐਪਰ ਕਿਸੇ ਲਈ ਮਰੇ ਤਾਂ ਮਰੇ ਕੋਈ ਕੋਈ।
ਲੱਖਾਂ ਰਾਜ ਸੰਸਾਰ ਤੇ ਕਰਨ ਰਾਜੇ, ਰਾਜ ਧਰਮ ਦਾ ਕਰੇ ਤਾਂ ਕਰੇ ਕੋਈ ਕੋਈ।
ਮਾਇਆ ਧਾਰੀ ਦੀ ਮੇਰ ਹਰ ਕੋਈ ਕਰਦੈ ਮੇਰ ਮਾੜੇ ਦੀ ਕਰੇ ਤਾਂ ਕਰੇ ਕੋਈ ਕੋਈ।
ਔਖੀ ਬਣੇ ਤਾਂ ਸਿਮਰਨ ਹਰ ਕੋਈ ਕਰਦੈ, ਸਮੇ ਸੁਖਾਂ ਦੇ ਕਰੇ ਤਾਂ ਕਰੇ ਕੋਈ ਕੋਈ।
ਆਪਣੇ ਸੱਜਣ ਦੀ ਸੇਵਾ ਹਰ ਕੋਈ ਕਰਦੈ, ਸੇਵਾ ਵੈਰੀ ਦੀ ਕਰੇ ਤਾਂ ਕਰੇ ਕੋਈ ਕੋਈ।
ਪਾਣੀ ਵਿੱਚ ਤਾਂ ਹਰ ਕੋਈ ਤਰ ਸਕਦੈ, ਖੂਨੀ ਸਾਗਰੀਂ ਤਰੇ ਤਾਂ ਤਰੇ ਕੋਈ ਕੋਈ।
ਰਾਜਾ ਮੋਹ ਸੰਸਾਰ ਦੇ ਛੱਡ ਸਭੇ, ਉੱਚਾ ਕੌਮ ਨੂੰ ਕਰੇ ਤਾਂ ਕਰੇ ਕੋਈ ਕੋਈ।

ਮੋਤੀ ਤੇਰੇ ਮੁੜਕੇ ਦਾ ਮਹਿੰਗਾ ਏ ਹੀਰੇ ਲਾਲਾਂ ਤੋਂ

ਸਾਥੀ ਵੀਰ ਕਿਸਾਨਾ ਵੇ ਤੂੰ, ਕਦੇ ਨਾ ਵਿਹਲਾ ਬਹਿੰਦਾ ਏਂ।
ਬੰਜਰ ਪੁਟ ਆਬਾਦ ਕਰੇ ਤੂੰ, ਹਰ ਮੁਸੀਬਤ ਸਹਿੰਦਾ ਏਂ।
ਖ਼ੂੰਨ ਤੇਰਾ ਜਦ ਵਿਚ ਚੁਮਾਸੇ ਪਾਣੀ ਬਣਕੇ ਵਹਿੰਦਾ ਏਂ।
ਤਾਂ ਚੋਜੀ ਪ੍ਰੀਤਮ ਖੁਸ਼ਦਿਲ ਹੋਕੇ, ਤੈਨੂੰ ਏਦਾਂ ਕਹਿੰਦਾ ਏਂ।
ਅਸ਼ਕੇ ਬਈ ਅਸ਼ਕੇ ਕਿਰਸਾਨਾ ਤੇਰੀਆਂ ਇਹਨਾਂ ਘਾਲਾਂ ਤੋਂ।
ਇੱਕ ਮੋਤੀ ਤੇਰੇ ਮੁੜਕੇ ਦਾ, ਮਹਿੰਗਾ ਏ ਹੀਰੇ ਲਾਲਾਂ ਤੋਂ।

ਜਿੱਥੇ ਵੀ ਸਨ ਟੋਏ ਟਿੱਬੇ, ਹੋਈਆਂ ਮੌਜ ਬਹਾਰਾਂ ਵੇ।
ਜਿੱਥੇ ਜਾਕੇ ਪੈਰ ਟਿਕਾਵੇਂ, ਖਿੜ ਜਾਵਣ ਗੁਲਜਾਰਾਂ ਵੇ।
ਧਰਤੀ ਮਾਤਾ ਖੁਸ਼ ਹੋ ਆਖੇ, ਤੈਥੋਂ ਜਿੰਦੜੀ ਵਾਰਾਂ ਵੇ।
ਤੈਨੂੰ ਸੁੱਖ ਦਾ ਸਾਹ ਨਾ ਆਵੇ, ਲੋਕੀਂ ਕਰਨ ਬਹਾਰਾਂ ਵੇ।
ਰਾਤ ਦਿਨੇ ਹੀ ਹੈ ਉਠ ਭਜਦਾ, ਡਰੇ ਨਾ ਕੱਕਰ ਸਿਆਲਾਂ ਤੋਂ।
ਇੱਕ ਮੋਤੀ ਤੇਰੇ ਮੁੜਕੇ ਦਾ, ਮਹਿੰਗਾ ਏ ਹੀਰੇ ਲਾਲਾਂ ਤੋਂ।

ਤੇਰੀ ਨੇਕ ਕਮਾਈ ਖਾਕੇ ਸੱਭੇ ਮੌਜ ਉਡਾ ਰਹੇ ਨੇ।
ਆਪਣੇ ਛੱਤੇ ਮਹਿਲ ਚੁਬਾਰੇ, ਤੇਰੀ ਕੁੱਲੀ ਢਾਹ ਰਹੇ ਨੇ।
ਜੋਤ ਤੇਰੀ ਦਾ ਫਿਕਰ ਨਾ ਕੋਈ, ਆਪਣੀ ਜੋਤ ਜਗਾ ਰਹੇ ਨੇ।
ਤੂੰ ਹੀ ਹੈਂ ਖੇਤਾਂ ਦਾ ਸਾਧੂ, ਸਭ ਤੇਰੀ ਖੱਟੀ ਖਾ ਰਹੇ ਨੇ।
ਗੋਡੇ ਗਿਟੇ ਰਗੜੇ ਜਾਵਣ, ਜੱਦ ਡਿੱਗ ਪੈਂਦਾ ਹੈਂ ਖਾਲਾਂ ਤੋਂ।
ਇੱਕ ਮੋਤੀ ਤੇਰੇ ਮੁੜਕੇ ਦਾ, ਮਹਿੰਗਾ ਹੈ ਹੀਰੇ ਲਾਲਾਂ ਤੋਂ।

ਢਿੱਡੋਂ ਭੁੱਖਾ ਰਹਿ ਕੇ ਵੀ, ਤੂੰ ਖੇਤੀ ਹੱਲ ਚਲਾਵੇ ਵੇ।
ਸੁੱਕੀ ਰੋਟੀ ਲੋ ਤੱਤੀ ਵਿੱਚ ਮਿਰਚਾਂ ਧਰਕੇ ਖਾਵੇਂ ਵੇ।
ਧੁੱਪਾਂ ਪਾਲੇ ਸਿਰ ਤੇ ਸਹਿਕੇ, ਫਿਰ ਵੀ ਢੋਲੇ ਗਾਵੇਂ ਵੇ।
ਢੀਮ ਸਰ੍ਹਾਣਾ ਲੈ ਕੇ ਖੇਤੀਂ, ਥੱਲੇ ਹੀ ਸੌਂ ਜਾਵੇਂ ਵੇ।
ਭੁਖਿਆਂ ਤਾਈਂ ਖੁਆਵੇ ਰਾਜਾ, ਖੋਹ ਕੇ ਆਪਣੇ ਬਾਲਾਂ ਤੋਂ।
ਇੱਕ ਮੋਤੀ ਤੇਰੇ ਮੁੜਕੇ ਦਾ, ਮਹਿੰਗਾ ਏ ਹੀਰੇ ਲਾਲਾ ਤੋਂ।

ਵਿਦਿਆ

ਵਿਦਿਆ ਹਰ ਇਨਸਾਨ ਦੀ, ਹੈਜੇ ਤੀਜੀ ਅੱਖ।
ਪੜ੍ਹ ਲਿਖ ਬਣੇ ਮਹਾਨ ਸਭ, ਇਸ ਵਿੱਚ ਕੋਈ ਨਹੀਂ ਸ਼ੱਕ।
ਵਿਦਿਆ ਦਾਤ ਅਮੁਲ ਹੈ, ਕੋਈ ਨਹੀਂ ਇਸ ਦੇ ਤੁੱਲ।
ਮਾਇਆ ਵੀ ਪਾ ਸਕਦੀ, ਨਹੀਂ ਜੇ ਇਸ ਦਾ ਮੁੱਲ।
ਵਿਦਿਆ ਮਾਨ ਕਰਾਂਵਦੀ, ਦੇਸ਼ ਅਤੇ ਪ੍ਰਦੇਸ਼।
ਵਿਦਿਆ ਪੜ੍ਹ ਕੇ ਆਦਮੀ, ਬਣਦਾ ਬਹੁਤ ਵਿਵੇਸ਼।
ਵਿਦਿਆ ਐਸਾ ਰਤਨ ਹੈ, ਲਗੇ ਨਾ ਇਸ ਨੂੰ ਚੋਰ।
ਵਿਦਿਆ ਬਿਨ੍ਹਾਂ ਗਿਆਨ ਨਹੀਂ, ਦਿਲ ਵਿੱਚ ਹੈ ਅੰਧ ਘੋਰ।
ਵਿਦਿਆ ਪੜ੍ਹ ਕੇ ਆਦਮੀ, ਉਡੇ ਵਿੱਚ ਅਕਾਸ਼।
ਵਿਦਿਆ ਦੇ ਸੰਗ ਹੋਂਵਦੇ ਸੱਭੇ ਕਾਰਜ ਰਾਸ।
ਵਿਦਿਆ ਪੜ੍ਹ ਕੇ ਆਦਮੀ, ਲੱਗ ਜਾਂਦਾ ਏ ਜੱਜ।
ਬਿਨ ਵਿਦਿਆ ਦੇ ਵੀਰਨੋ, ਸੱਭੇ ਕੰਮ ਕੁਚੱਜ।
ਵਿਦਿਆ ਪੜ੍ਹਕੇ ਗਿਆਨ ਸੇ, ਲਿਖਿਆ ਕੋਸ਼ ਮਹਾਨ।
ਵਿਦਿਆ ਪੜ੍ਹ ਰਾਜਾ ਕਵੀ, ਆਨ ਸਟੇਜੀ ਗਾਨ।

ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ

ਕੁਝ ਸੋਚ ਵਿਚਾਰ ਤੋਂ ਕੰਮ ਲਈਏ, ਵੱੜ ਗਿਆ ਕਿਓਂ ਦਿਲਾਂ ਵਿੱਚ ਕੋੜ੍ਹ ਹੈ ਅੱਜ।
ਦੇਸ਼ ਹੈ ਆਜਾਦ ਨਹੀਂ ਕਸਰ ਬਾਕੀ, ਕਿਹੜੀ ਗੱਲ ਦੀ ਦੱਸੋ ਖਾਂ ਥੋੜ੍ਹ ਹੈ ਅੱਜ।
ਚਾਹਵਾਨ ਜੋ ਚੌਧਰ ਤੇ ਕੁਰਸੀਆਂ ਦੇ, ਰਹੇ ਜਨਤਾ ਦਾ ਖ਼ੂਨ ਨਚੋੜ ਹੈ ਅੱਜ।
ਗਊ ਅਤੇ ਅਜ਼ਾਦੀ ਲਈ ਚੜ੍ਹੇ ਫਾਂਸੀ ਅੰਮ੍ਰਿਤਸਰ ਵਿਚ ਯਾਦ ਦਾ ਬੋਹੜ ਹੈ ਅੱਜ।

ਦੱਸੋ ਫੁੱਟ ਚੋਂ ਰਾਵਨ ਨੇ ਖੱਟਿਆ ਕੀ, ਲੰਕਾਂ ਸੋਨੇ ਦੀ ਹੱਥੋਂ ਗਵਾ ਬੈਠਾ।
ਫੁੱਟ ਪਾ ਦੁਰਜੋਧਨ ਨੇ ਖੱਟਿਆ ਕੀ, ਆਪ ਮਰਿਆ ਤੇ ਫੌਜ ਮਰਵਾ ਬੈਠਾ।
ਉਹਦੀ ਦੇਹੀ ਦਾ ਗਿਰਝਾਂ ਨਾ ਮਾਸ ਖਾਧਾ, ਅਠਾਰਾਂ ਜੋਜਨ ਜੋ ਛੱਤਰ ਝੁਲਵਾ ਬੈਠਾ।
ਸਿਖ ਰਾਜ ਵੇਖੋ ਏਸ ਫੁੱਟ ਕਾਰਨ, ਕਬਜਾ ਉਤੇ ਪੰਜਾਬ ਕਰਵਾ ਬੈਠਾ।
ਰੱਖਿਆ ਹਿੰਦੂਆਂ ਦੀ ਕੀਤੀ ਗੁਰੂ ਨੌਵੇਂ ਸਾਖੀ ਚਾਂਦਨੀ ਚੌਕ ਦਾ ਮੋੜ ਹੈ ਅੱਜ।
ਹਿੰਦੂ ਸਿੱਖ ਬਣ ਜਾਓ ਘਿਓ ਖਿਚੜੀ, ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਡੁੱਲੇ ਬੇਰਾਂ ਦਾ ਅੱਜੇ ਕੁਝ ਵਿਗੜਿਆ ਨਹੀਂ, ਅਜੇ ਵਕਤ ਹੈ ਵਕਤ ਵਿਚਾਰ ਲਈਏ।
ਫੁੱਟ ਪਾਂਵਦਾ ਹੈ ਜਿਹੜਾ ਅੱਸਾਂ ਅੰਦਰ, ਰਲ ਮਿਲਕੇ ਉਹਨੂੰ ਸੁਧਾਰ ਲਈਏ।
ਇੱਕੋ ਮਾਂ ਤੇ ਇੱਕੋ ਹੈ ਪਿਤਾ ਸਭ ਦਾ, ਇਹੋ ਦਿਲ ਅੰਦਰ ਸੱਭੇ ਧਾਰ ਲਈਏ।
ਅਜ਼ਾਦੀ ਆਪਣੀ ਆਪ ਬਰਬਾਦ ਕਰਕੇ, ਆਪਣੀ ਪੈਰੀ ਕੁਹਾੜਾ ਨਾ ਮਾਰ ਲਈਏ।
ਸਾਡੇ ਦੇਸ਼ ਉਤੇ ਜੋ ਵੀ ਚੜ੍ਹ ਆਵੇ, ਦੇਣਾ ਓਸ ਦੇ ਹੱਡਾਂ ਨੂੰ ਤੋੜ ਹੈ ਅੱਜ।
ਹਰ ਇੱਕ ਦੇ ਮੂੰਹੋਂ ਅਵਾਜ਼ ਆਵੇ, ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਖਿੱਚੋ ਤਾਨ ਜੇ ਏਵੇਂ ਹੀ ਰਹੀ ਚੱਲਦੀ, ਬੱਗੂ ਕਾਲੂ ਫਿਰ ਢਿਲ ਨਾ ਕਰਨਗੇ ਜੀ।
ਖੇਹੂੰ ਖੇਹੂੰ ਉਹ ਵੇਖ ਜਮਾਤ ਸਾਡੀ, ਪੈਰ ਆਨ ਸਰਹੱਦਾਂ ਤੇ ਧਰਨਗੇ ਜੀ।
ਹੋ ਸਕਦੈ ਭਾਰਤ ਮੈਦਾਨ ਬਣ ਜਾਏ, ਹਿੰਦੂ ਸਿੱਖ ਸੱਭੇ ਹੌਕੇ ਭਰਨਗੇ ਜੀ।
ਅੱਗੇ ਵਾਂਗ ਜੇ ਫੇਰ ਗੁਲਾਮ ਹੋ ਗਏ, ਗੋਲੇ ਛਾਤੀਆਂ ਵਿੱਚ ਫਿਰ ਜਰਨਗੇ ਜੀ।
ਫੇਰ ਭੱਜਾਂਗੇ ਛੱਡ ਜਾਇਦਾਦ ਸਾਰੀ, ਮੁੱਲ ਜਿਸਦਾ ਕਈ ਕਰੋੜ ਹੈ ਅੱਜ।
ਫੇਰ ਆਪੇ ਹੀ ਮੂੰਹੋਂ ਅਵਾਜ਼ ਨਿਕਲੂ, ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਆਓ ਦੇਸ਼ ਭਗਤਾਂ ਦੀ ਗੱਲ ਕਰੀਏ, ਜਾਨਾਂ ਦੇਸ਼ ਅਜ਼ਾਦੀ ਲਈ ਵਾਰ ਗਏ ਜੋ।
ਆਪਣੀ ਜਾਨ ਦੀ ਨਹੀਂ ਪ੍ਰਵਾਹ ਕੀਤੀ, ਲੰਦਨ ਵਿਚ ਅਡਵੈਰ ਨੂੰ ਮਾਰ ਗਏ ਜੋ ।
ਦੇਸ਼ ਛੱਡਕੇ ਆਪ ਬੇਵਤਨ ਹੋ ਗਏ, ਕਰ ਗੋਰੇ ਸਮੁੰਦਰੋਂ ਪਾਰ ਗਏ ਜੋ।
ਖ਼ੂੰਨ ਪਾ ਕੇ ਆਪਣੀ ਸ਼ਾਹ ਰੱਗ ਦਾ, ਮਹਿਲ ਦੇਸ਼ ਅਜਾਦੀ ਉਸਾਰ ਗਏ ਜੋ।
ਹੋਲੀ ਖ਼ੂੰਨ ਦੀ ਖੇਡੀ ਸੀ ਕੂਕਿਆ ਨੇ, ਦੱਸੇ ਕੋਟਲੇ ਦੀ ਰੜੀ ਰੌੜ ਹੈ ਅੱਜ।
ਆਪਣਾ ਦੇਸ਼ ਸਵਰਗ ਬਨਾਣ ਖਾਤਰ, ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਆਓ ਗੁਰੂ ਜਗਜੀਤ ਦੇ ਚਰਨ ਛੋਹੀਏ, ਨਾ ਪੈਣ ਮੁਸੀਬਤਾਂ ਜਰਨੀਆਂ ਨੇ।
ਪਹਿਲੇ ਨਾਵੇਂ ਤੇ ਦਸਵੇਂ ਬਾਰਵੇਂ ਤੋਂ, ਕੋਲ ਏਸ ਦੇ ਘੱਟ ਨਾ ਕਰਨੀਆਂ ਨੇ।
ਕਾਇਮ ਰੱਖਣ ਲਈ ਅਮਨ ਤੇ ਏਕਤਾ ਨੂੰ ਅੱਠੇ ਪਹਿਰ ਚਲਾ ਰਹੇ ਵਰਨੀਆਂ ਨੇ।
ਇਹਨੂੰ ਤੀਰ ਤਲਵਾਰ ਦੀ ਲੋੜ ਕੋਈ ਨਹੀਂ, ਇਹਦੀ ਨਿਗਾਹ ਨੇ ਸੰਕਟਾਂ ਹਰਨੀਆਂ ਨੇ।
ਕੱਠੇ ਹੋ ਸਾਰੇ ਰਾਜਾ ਹਿੰਦ ਵਾਸੀ, ਕਰੀਏ ਬੇਨਤੀ ਦੋਵੇਂ ਹੱਥ ਜੋੜ ਹੈ ਅੱਜ।
ਸੱਚੇ ਪਾਤਸ਼ਾਹ ਕਰੋ ਅਪਾਰ ਕਿਰਪਾ, ਅਮਨ ਏਕਤਾ ਸਮੇਂ ਦੇ ਲੋੜ ਹੈ ਅੱਜ।

ਦਾਜ ਦਾ ਰਵਾਜ ਕਾਜ ਬੱੜੇ ਹੀ ਵਗਾੜ ਦਾ

ਸੁਣੋ ਨੌਜਵਾਨੋ ਜਰਾ ਗਲ ਮੇਰੀ ਕੰਨ ਦੇ ਕੇ,
ਦਾਜ ਦਾ ਰਵਾਜ ਜਾਂਦਾ ਸਭ ਨੂੰ ਲਤਾੜ ਦਾ।
ਆਨ ਅਤੇ ਸ਼ਾਨ ਨੂੰ ਮਿਲਾ ਦੇਂਦਾ ਮਿੱਟੀ ਵਿਚ,
ਸੋਹਲ ਜੇਹੀਆਂ ਜਾਨਾਂ ਨੂੰ ਸਟੋਪ ਨਾਲ ਸਾੜਦਾ।
ਦਿਉਂ ਭਾਵੇਂ ਲੱਖ ਮੁੱਲ ਓਸਦਾ ਨਾ ਕੱਖ ਪੈਂਦਾ,
ਮਿਲੇ ਹੋਏ ਦਿਲਾਂ ਤਾਈਂ ਝੱਟ ਪੱਟ ਪਾੜਦਾ।
ਅੱਧ ਖਿੜੇ ਫੁੱਲਾਂ ਤਾਈਂ ਤੋੜ ਕੇ ਤੇ ਟਾਹਣੀ ਨਾਲੋਂ,
ਦਾਜ ਦਾ ਰਵਾਜ ਕਾਜ ਬੜੇ ਹੀ ਵਗਾੜਦਾ

ਕੜੇ ਛਾਪਾਂ ਛਲਿਆਂ ਦੇ ਨਾਲ ਨਾ ਪਤੀਜੇ ਮਨ,
ਮਿਲੇ ਕੋਈ ਸਵਾਰੀ ਰਹੇ ਵਚੋਲੇ ਤਾਈਂ ਤਾੜਦਾ।
ਚੁੱਕਕੇ ਵਿਆਜੀ ਦਾਜ ਦੇਵਦਾਂ ਜੋ ਧੀਆਂ ਤਾਂਈ,
ਲਹਿਣੇਦਾਰ ਨਿੱਤ ਬੂਹਾ ਓਸਦਾ ਉਖਾੜ ਦਾ।
ਇਕ ਦੇ ਉਹ ਦੋ ਕਰੇ ਦੂਹਾਂ ਦੇ ਬਨਾਏ ਚਾਰ,
ਵਿਆਜ ਨੂੰ ਵਿਆਜ ਲਾ ਕੇ ਚੰਮੜੀ ਓਧਾੜ ਦਾ।
ਲੋਭ ਅਤੇ ਲਾਲਚ ਦੇ ਮਾਰਕੇ ਜੰਜੀਰ ਤਾਈਂ,
ਦਾਜ ਦਾ ਰਵਾਜ ਕਾਜ ਬੜੇ ਹੀ ਵਗਾੜ਼ ਦਾ।

ਅੱਜ ਜੋ ਲਿਆਵੇ ਕੱਲ ਦੇਣਾ ਪੈਣਾ ਓਸ ਤਾਈਂ,
ਇਹੋ ਨਿਤ ਝੋਰਾ ਰਹਿੰਦਾ ਤੇਲ ਵਾਂਗੂੰ ਕਾਹੜ ਦਾ।
ਭਾਵੇਂ ਕੋਈ ਗਰੀਬ ਅਤੇ ਭਾਂਵੇ ਹੈ ਅਮੀਰ ਕੋਈ,
ਰੱਤ ਪੀਣੀ ਜੋਕ ਲਹੂ ਪੀਏ ਨਾੜ ਨਾੜ ਦਾ।
ਨਵੇਂ ਤੋਂ ਹੀ ਨਵੇਂ ਨਿੱਤ ਵੱਧਦੇ ਰਵਾਜ ਜਾਂਦੇ,
ਵੱਸ ਰਹੇ ਘਰ ਤਾਂਈ ਝੱਟ ਹੀ ਉਜਾੜ ਦਾ।
ਨਿੱਤ ਨਵੇਂ ਦਿਨ ਕੋਈ ਨਵਾਂ ਹੀ ਚੜ੍ਹਾਵੇ ਚੰਨ,
ਦਾਜ ਦਾ ਰਵਾਜ ਕਾਜ ਬੜੇ ਹੀ ਵਗਾੜ ਦਾ।

ਮਿਲਨੀ ਦਾ ਕੜਾ ਹੋਵੇ ਨਾਲ ਹੀ ਜੰਜੀਰੀ ਹੋਵੇ,
ਇਹੋ ਹੀ ਰਵਾਜ ਜਾਂਦਾ ਪੈਰਾਂ ਨੂੰ ਉਖਾੜਦਾ।
ਜੁਰਾਬਾਂ ਸਣੇ ਜਾਕਟਾਂ ਦੇ ਸੈਟ ਸਾਰੇ ਘਰ ਦਿਆਂ ਦੇ,
ਹੋਵੇ ਜਿੱਦ੍ਹਾ ਘੱਟ ਉਹੀ ਨੱਕ ਤਾਈਂ ਚਾਹੜਦਾ
ਰੱਖਣੇ ਲਈ ਨੱਕ ਜੋਰ ਪੱਬਾਂ ਤਾਈਂ ਲਾ ਦੇਂਦੇ,
ਛੱਲੀ ਪੂਣੀ ਵੇਚ ਘਰ ਕੁੜਮਾ ਦੇ ਵਾੜਦਾ।
ਬੱਸ ਕਰ ਰਾਜਾ ਗੱਲ ਹੋਰ ਨਾ ਵਧਾ ਲੰਮੀਂ,
ਦਾਜ ਦਾ ਰਵਾਜ ਕਾਜ ਬੜੇ ਹੀ ਵਗਾੜਦਾ।

ਅਮਨ ਏਕਤਾ ਮੰਗੋ ਪੰਜਾਬ ਅੰਦਰ

ਹੋਣੀ ਜਿਹੜਾ ਪੰਜਾਬ ਤੇ ਵਾਰ ਕੀਤਾ, ਚੇਤਾ ਨਹੀਂ ਸੀ ਕਦੇ ਖ਼ੁਆਬ ਅੰਦਰ।
ਜੀਣਾਂ ਅਣਖ ਦਾ ਹੀ ਸਦਾ ਰਹਿਣ ਜੀਦੇਂ, ਅਣਖੀ ਨਹੀਂ ਔਂਦੇ ਕਿਸੇ ਦਾਬ ਅੰਦਰ।
ਲੱਖਾਂ ਹੋਣੀਆਂ ਨੂੰ ਟਾਲਣ ਵਾਸਤੇ ਜੋ, ਪੈਰ ਰਖਦੇ ਰਹੇ ਰਕਾਬ ਅੰਦਰ।
ਜਮੱਜਾ ਕਰਦਾ ਏ ਜੇ ਕੋਈ ਸਿਰ ਉੱਚਾ, ਗੋਲੀ ਔਂਦੀ ਏ ਅੱਗੋਂ ਜੁਆਬ ਅੰਦਰ।
ਇਹਦੀ ਧਰਤ ਵਿਚੋਂ ਮਹਿਕਾਂ ਇਉਂ ਆਵਨ, ਰੱਬੀ ਪਾਈ ਜਿਉਂ ਮਹਿਕ ਗੁਲਾਬ ਅੰਦਰ।
ਸਦਾ ਏਸ ਨੇ ਮਹਿਕਾਂ ਹੀ ਵੰਡੀਆਂ ਨੇ, ਅਮਨ ਏਕਤਾ ਮੰਗੋ ਪੰਜਾਬ ਅੰਦਰ।

ਵੱਢੀ ਜਾਏ ਫਸਾਦ ਦੀ ਜੜ੍ਹ ਮੁੱਢੋਂ, ਬੱਚਾ ਬੱਚਾ ਏਥੇ ਖ਼ੁਸ਼ੀ ਵਸਦਾ ਰਹੇ।
ਗੀਤ ਦੇਸ਼ ਪਿਆਰ ਦੇ ਜਾਨ ਗਾਏ, ਦੁਖੀ ਰਹੇ ਕੋਈ ਨਾ, ਹਰ ਕੋਈ ਹੱਸਦਾ ਰਹੇ।
ਭਾਈ ਭਾਈ ਬਣਕੇ ਸੱਭੇ ਹੋਣ ਕੱਠੇ, ਵੈਰੀ ਇਹਨਾਂ ਤੇ ਤੀਰ ਨਾ ਕਸਦਾ ਰਹੇ।
ਮਾਈ ਜਾਈ ਨਾ ਕਿਸੇ ਦੀ ਹੋਵੇ ਵਿਧਵਾ, ਰੋਗ ਈਰਖਾ ਦਾ ਦੂਰ ਨਸਦਾ ਰਹੇ।
ਪੰਜੇ ਪਾਣੀ ਹੀ ਏਸ ਦੇ ਸਾਫ਼ ਹੋਵਨ, ਖ਼ੂਨ ਘੁਲੇ ਨਾ ਏਸ ਦੇ ਆਬ ਅੰਦਰ।
ਸਦਾ ਰੌਣਕਾਂ ਲੱਗੀਆਂ ਰਹਿਣ ਏਥੇ, ਅਮਨ ਏਕਤਾ ਮੰਗੋ ਪੰਜਾਬ ਅੰਦਰ।

ਬੇ-ਵੱਤਰਾ ਫੁੱਟ ਜਏ ਦੁੱਧ ਜਿਹੜਾ, ਨਾ ਉਹ ਦੁੱਧ ਰਹਿੰਦਾ ਏ ਨਾ ਪਨੀਰ ਬਣਦੈ।
ਸੀਤੇ ਕਪੜੇ ਦੀ ਸਦਾ ਕਦਰ ਰਹਿੰਦੀ, ਪਾਟ ਜਾਏ ਤਾਂਹੀ ਲੀਰ ਲੀਰ ਬਣਦੈ।
ਨੀਰ ਡੁਲਦਾ ਜਦੋਂ ਮਸੂਮ ਅੱਖੋਂ, ਉਦੋਂ ਮਸਲਾ ਇਕ ਗੰਭੀਰ ਬਣਦੈ।
ਬੋਲੀ ਬੋਲੇ ਜੋ ਗੈਰਾਂ ਦੇ ਚੜ੍ਹ ਟੇਟੇ, ਉਹਦੀ ਬੋਲੀ ਵੀ ਤਾਂ ਉਦੋਂ ਤੀਰ ਬਣਦੈ।
ਸੁੱਕਾ ਨਿਕਲਣਾ ਨਹੀਂ ਜੇ ਅਸਾਂ ਪਾਇਆ ਹੱਥ ਭੁਲਕੇ ਆਪ ਤੇਜ਼ਾਬ ਅੰਦਰ।
ਸੜੇ ਬਾਦ ਕੀ ਹੋਏਗਾ ਹਸ਼ਰ ਏਹਦਾ, ਅਮਨ ਏਕਤਾ ਮੰਗੋ ਪੰਜਾਬ ਅੰਦਰ।

ਫਰਜ਼ ਆਪਣੇ ਨੂੰ ਸੱਭੇ ਜਾਉ ਪਾਲੀ, ਹੱਕ ਮਾੜੇ ਦਾ ਖੋਹਣ ਦੀ ਲੋੜ ਕੋਈ ਨਹੀਂ।
ਆਪਣੇ ਪੈਰਾਂ ਤੇ ਆਪ ਹੀ ਖੜੇ ਹੋਵੋ, ਕਿਸੇ ਗਲ ਦੀ ਦੇਸ਼ ਵਿਚ ਥੋੜ ਕੋਈ ਨਹੀਂ।
ਧਨ ਦੌਲਤਾਂ ਬੇ-ਬਹਾ ਹੋਈਆਂ, ਰਿਹਾ ਕਿਤੇ ਗਰੀਬੀ ਦਾ ਕੋਹੜ ਕੋਈ ਨਹੀਂ।
ਇੱਕ ਮੁੱਠ ਹੋਵੇ ਸਾਰੇ ਦੇਸ਼ ਵਾਸੀ, ਸੱਕੇ ਤੁਸਾਂ ਦੇ ਤਾਈਂ ਤਰੋੜ ਕੋਈ ਨਹੀਂ।
ਵੈਰੀ ਰਹੇ ਡਰਦਾ ਸਦਾ ਅਸਾਂ ਕੋਲੋਂ, ਏਨ੍ਹਾ ਜੋਰ ਹੋਵੇ ਸਾਡੀ ਤਾਬ ਅੰਦਰ।
ਰਾਜਾ ਆਪ ਜੀਵੋ ਸਭ ਨੂੰ ਜੀਣ ਦੇਵੋ, ਅਮਨ ਏਕਤਾ ਮੰਗੋ ਪੰਜਾਬ ਅੰਦਰ।

ਮੋਗ੍ਹੇ ਦੀ ਕਵਿਤਾ

ਸੁਖਣਾ ਸੁਖਦਿਆਂ ਨੂੰ ਕਈ ਦਿਨ ਗੁਜ਼ਰੇ, ਆਈ ਨਾਲ ਸਬੱਬ ਦੇ ਜਦੋਂ ਵਾਰੀ।
ਲਾਇਆ ਪਾਨੀ ਤੇ ਆਣਕੇ ਵੇਖਿਆ ਜਾਂ, ਪੀਚੀ ਪਹਿਰ ਦੇ ਵਿੱਚ ਕਨਾਲ ਸਾਰੀ।
ਫੇਰਾ ਮਾਰਿਆ ਤੇ ਜਾਕੇ ਜਦੋਂ ਡਿੱਠਾ, ਪਾਣੀ ਵੇਂਹਿਦਿਆ ਸੀ ਹਿੰਮਤ ਮੈਂ ਹਾਰੀ।
ਛੱਪਾ ਛੱਪ ਜਾਂ ਪਹੁੰਚਾ ਮੈਂ ਨਹਿਰ ਉਤੇ, ਮੋਘੀ ਵੇਖੀ ਜੋ ਇੰਚ ਸੀ ਤਿੰਨ ਸਾਰੀ।

ਦਿਲ ਵਿੱਚ ਸੋਚਿਆ ਮੋਘੀ ਨਾ ਬੰਦ ਹੋਵੇ, ਲਾਹ ਕੇ ਕੱਪੜੇ ਨਹਿਰ ਵਿੱਚ ਛਾਲ ਮਾਰੀ।
ਟੁੱਬੀ ਮਾਰੀ ਤੇ ਮੋਘੀ ਦਾ ਮੂੰਹ ਡਿਠਾ, ਡੱਡੂ ਵਰੀ ਬੈਠਾ ਵਿਚ ਲਾਈ ਤਾਰੀ।
ਮੋਘੀ ਵੇਖੀ ਤੇ ਦਿਲ ਵਿਚ ਸੋਚਿਆ ਮੈਂ, ਵੇਖੋ ਕੀਤੀ ਸਰਕਾਰ ਨੇ ਮੱਦਦ ਭਾਰੀ।
ਥਾਂ ਮੋਘਿਆਂ ਮੋਘੀਆਂ ਲਾ ਕੇਤੇ, ਇਹਨਾਂ ਦੇਸ਼ ਉਸਾਰੀ ਦੀ ਫੜ ਮਾਰੀ।

ਪੰਚ ਇੰਚ ਤੋਂ ਵੱਧ ਨਹੀਂ ਕੋਈ ਮੋਗੀ ਹੋਊ ਕਿਸ ਤਰ੍ਹਾਂ ਦੇਸ਼ ਦੀ ਮੱਦਤ ਭਾਰੀ।
ਵੱਢੀ ਖਾਣ ਦੇ ਯਾਰ ਨੇ ਕੁਲ ਅਫ਼ਸਰ, ਖਾ ਖਾ ਵੱਡੀਆਂ ਇਹਨਾਂ ਦੀ ਮੱਤ ਮਾਰੀ।
ਅੰਨਾ ਰਾਜਾ ਤੇ ਜਿਵੇਂ ਬੇਦਾਦ ਨਗਰੀ, ਏਸੇ ਤਰ੍ਹਾਂ ਹੈ ਕਰਨ ਸਰਕਾਰ ਲੱਗੀ।
ਹਰਭਜਨ ਸਿੰਘ ਨੇ ਸੱਚ ਸੁਣਾ ਦਿੱਤਾ, ਏਥੇ ਨਹੀਂ ਇਹ ਸਾਰੇ ਜੇ ਵਾ ਵੱਗੀ।

ਗਰੀਬ ਤੋਂ ਅਮੀਰ

ਆਈਏ, ਐਸ ਅਫਸਰ ਬਣ ਗਿਆ ਕੁੱਲੀ ਦਾ ਬੱਚਾ।
ਉਹਦੀ ਮਿਹਨਤ ਨੂੰ ਫਲ ਲਾ ਗਿਆ ਪ੍ਰਮੇਸ਼ਰ ਸੱਚਾ।
ਉਹ ਵੇਖੋ ਕੰਚਨ ਹੋ ਗਿਆ ਜੋ ਕੱਚਹੁ ਕੱਚਾ।
ਉਹਦੀ ਕਿਸਮਤ ਖੁੱਲੀ ਰਾਜਿਆ ਤੇ ਹੋ ਗਿਆ ਪੱਕਾ।

ਉਹਦਾ ਪਿਤਾ ਢੋਂਵਦਾ ਭਾਰ ਨਿੱਤ ਢਿੱਡ ਭਰਨੇ ਖਾਤਰ।
ਉਹਦੀ ਮਾਂ ਬਨਾਦੀ ਬੀੜੀਆਂ ਰੋਟੀ ਤੋਂ ਆਤਰ।
ਉਹ ਬੱਚਾ ਬਹੁਤ ਗਰੀਬ ਦਾ ਸਭ ਉਸਤੋਂ ਚਾਤਰ।
ਉਹਨੂੰ ਰੱਬ ਬਨਾਇਆ ਰਾਜਿਆ ਕਈਆਂ ਦਾ ਪਾਤਰ।

ਜਦ ਕਿਸਮਤ ਹੋਂਦੀ ਵੱਲ ਤੇ ਉਗ ਪੈਂਦੇ ਭੁੰਨੇ।
ਜੋ ਆਤਰ ਹੋਵੇ ਰੋਟੀਉਂ ਘਿਉ ਆਟਾ ਗੁੰਨੇ।
ਜਦ ਕਰਤਾ ਹੋਵੇ ਵੱਲ ਤੇ ਹੱਸ ਪੈਂਦੇ ਰੁੰਨੇ।
ਉਹਨੂੰ ਰਾਜ ਬਠਾਵੇ ਰਾਜਿਆ ਜਿਨੂੰ ਹਰ ਕੋਈ ਸੁਨੇ।

ਉਹ ਵੱਡਾ ਬੇਪਰਵਾਹ ਹੈ ਜੋ ਸਭ ਦਾ ਮਾਲਕ।
ਉਹ ਸਭ ਨੂੰ ਰੋਜੀ ਦੇਵਦਾਂ ਨਹੀਂ ਕਰਦਾ ਆਲਕ।
ਉਹ ਹਰ ਇਕ ਅੰਦਰ ਵੱਸਦਾ ਤੇ ਸਭ ਦਾ ਪਾਲਕ।
ਰਾਜਾ ਰੰਕ ਬਰਾਬਰ ਰਾਜਿਆ ਸਭ ਦਾ ਪਰਿਤ ਪਾਲਕ।

ਉਹਦਾ ਪਤਾ ਨਾ ਲੱਗੇ ਕਿਸੇ ਨੂੰ ਉਸ ਕੀ ਹੈ ਕਰਨਾ।
ਉਹ ਖਾਲੀ ਕਰਦਾ ਭਰੇ ਨੂੰ ਖਾਲੀ ਨੂੰ ਭਰਨਾ।
ਉਹ ਮਰਜੀ ਕਰਦਾ ਆਪਨੀ ਨਹੀਂ ਕਿਸੇ ਤੋਂ ਡਰਨਾ।
ਉਹਦੇ ਹੱਥ ਵਿੱਚ ਫੜਿਆ ਰਾਜਿਆ ਜੰਮਣਾ ਤੇ ਮਰਨਾ।

ਉਹ ਪੱਲ ਵਿੱਚ ਮੇਟ ਸਮੇਟ ਲਏ ਸਭ ਉਸਦੀ ਮਾਇਆ।
ਜਿਵੇਂ ਮਿੱਟ ਜਾਂਦੀ ਹੈ ਮਿੰਟ ਵਿੱਚ ਬੱਦਲਾ ਦੀ ਛਾਇਆ।
ਉਹ ਰਾਜ ਬਠਾਵੇ ਕੀਟ ਨੂੰ ਰਾਜੇ ਨੂੰ ਰਾਇਆ।
ਦਿਨ ਰਾਤ ਬਨਾਏ ਰਾਜਿਆ ਉਸ ਦਾਈ ਦਾਇਆ।

ਦਾਜ ਬਾਰੇ

ਤਕੜੇ ਦੇਦੇ ਦਾਜ ਵਿੱਚ ਧੀਆਂ ਨੂੰ ਕਾਰਾਂ।
ਕੜੇ ਮੁੰਦੀਆ ਪਾਂਵਦੇ ਲਾ ਲਾਕੇ ਚਾਰਾ।
ਉਹ ਸਾਰਾ ਜੋਰ ਲਗਾਂਵਦੇ ਹੋ ਪੱਬਾ ਭਾਰਾ।
ਨੱਕ ਉੱਚਾ ਹੋਵੇ ਸੱਥ ਵਿੱਚ ਹੈ ਦਿਲ ਵਿੱਚ ਧਾਰਾ।
ਮਾੜੇ ਲਈ ਨਾ ਦਿਲ ਵਿੱਚ ਹੈ ਕਦੀ ਵੀਚਾਰਾ।
ਰਾਜਾ ਕਿਥੋਂ ਲਾਹੇਗਾ ਉਹ ਧੀ ਦਾ ਭਾਰਾ।

ਲੈਣ ਵਾਲੇ ਵੀ ਮੰਗਕੇ ਨੇ ਦਾਜ ਲਜਾਂਦੇ।
ਵਿੱਚ ਵਚੋਲੇ ਹੋਣ ਜੋ ਉਹ ਨਹੀਂ ਸ਼ਰਮਾਂਦੇ।
ਦੇਣ ਵਾਲੇ ਵੀ ਦੇਵਦੇਂ ਭਾਵੇਂ ਚੁੱਕ ਚੁਕਾਂਦੇ।
ਪਰ ਨੱਕ ਨਾ ਉੱਚਾ ਹੋਂਵਦਾ ਮੂੰਹ ਅੱਡੀ ਜਾਂਦੇ।
ਨਾ ਦੇਣਾ ਚਾਹੀਏ ਦਾਜ ਵੀ ਕਈ ਆਖ ਸੁਨਾਂਦੇ।
ਨਾ ਕੰਮ ਹੋਵੇ ਬੰਦ ਰਾਜਿਆ ਚੁਕੋ ਕਰਜ ਵਿਆਂਹਦੇ।

ਜੇ ਸਾਰੇ ਸੋਚਨ ਗੱਲ ਇਹ ਨਹੀਂ ਲੈਣਾ ਦੇਣਾ।
ਫਿਰ ਹੋਵੇ ਨਾਹੀ ਧੀਆਂ ਦਾ ਦੁਖਾਂ ਸੰਗ ਖਹਿਣਾ।
ਨਾ ਮਰੇ ਕੋਈ ਫਿਰ ਡੁੱਬ ਕੇ ਨਾ ਸੜਨਾ ਪੈਣਾ।
ਨਾ ਦੇਵੇ ਕੋਈ ਕਾਰ ਤੇ ਨਾ ਦੇਵੇ ਗਹਿਣਾ।
ਸਭ ਰੋਟੀ ਖਾਵਨ ਸੁਖਦੀ ਨਾ ਪਾਵਨ ਵੈਣਾ।
ਫਿਰ ਸੁੱਖ ਹੋਵੇਗਾ ਰਾਜਿਆ ਵੀਰਾ ਤੇ ਭੈਣਾ।

ਮੁੱਕ ਜਾਵੇ ਸਾਰੇ ਦੇਸ਼ 'ਚੋਂ ਜੇ ਭੈੜੀ ਰੀਤੀ।
ਸਭ ਫ਼ਰਜ਼ ਪਛਾਨਣ ਆਪਨਾ ਜਗ ਜਾਵਨ ਜੀਤੀ।
ਫਿਰ ਜੀਵਨ ਸਾਰੇ ਰੱਜ ਕੇ ਤੇ ਪਾਨ ਪ੍ਰੀਤੀ।
ਸਭ ਸੋਚੋ ਧੀਆਂ ਵਾਲਿਉ ਇਹੋ ਹੀ ਰੀਤੀ।
ਹੁਣ ਸੋਚੋ ਅੱਗੇ ਵਾਸਤੇ ਛੱਡ ਦੇਵੋ ਬੀਤੀ।
ਗੱਲ ਆਖੀ ਰਾਜੇ ਸੱਚ ਹੈ ਨਾ ਝੂਠੀ ਕੀਤੀ।

ਗੁਰੂ ਹਰਗੋਬਿੰਦ ਜੀ

ਛੇਵੇਂ ਪਾਤਸ਼ਾਹ ਹਰਗੋਬਿੰਦ ਗੁਰ ਜੀ, ਲੀਲਾ ਤੇਰੀ ਦਾ ਆਂਵਦਾ ਅੰਤ ਕੋਈ ਨਹੀਂ।
ਨੱਥ ਸ਼ੇਰਾਂ ਦੇ ਨਕ ਵਿੱਚ ਪਾਨ ਵਾਲਾ, ਤੇਰੇ ਜਿਹਾ ਕੋਈ ਸੂਰਮਾ ਸੰਤ ਕੋਈ ਨਹੀਂ।
ਤੇਰੇ ਜਿਹਾ ਅੱਸਾਂ ਇਕ ਦੂਨੀ ਅੰਦਰ, ਸ਼ੁਣਿਆ ਵੇਖਿਆ ਹੋਰ ਬੇਅੰਤ ਕੋਈ ਨਹੀਂ।
ਦਾਤਾ ਦਾਤਿਆਂ ਦਾ ਪ੍ਰੇਮੀ ਪ੍ਰੇਮੀਆਂ ਦਾ, ਡਿੱਠਾ ਹੋਰ ਸੰਸਾਰ ਵਿੱਚ ਕੰਤ ਕੋਈ ਨਹੀਂ।
ਆਸਾ ਕੁੱਲ ਦੀਆਂ ਪੂਰੀਆਂ ਕਰਨ ਵਾਲ, ਤੇਰੇ ਜਿਹਾ ਅਵਤਾਰ ਨਾ ਹੋਵਨਾ ਏ।
ਮੱਥਾ ਨਾਲ ਚਟਾਨਾ ਦੇ ਲਾਕੇ ਤੇ, ਜ਼ੁਲਮੀ ਜਾਲਮ ਨਾ ਕਿਸੇ ਨੇ ਕੋਹਵਨਾ ਏ।

ਤ੍ਰੇਤੇ ਯੁੱਗ ਵਿੱਚ ਰਾਮ ਅਵਤਾਰ ਹੋਕੇ, ਕੀਤਾ ਭੀਲਨੀ ਦਾ ਬੇੜਾ ਪਾਰ ਸੀ ਤੂੰ।
ਦੁਆਪਰ ਯੁੱਗ ਵਿੱਚ ਕ੍ਰਿਸ਼ਨ ਮੁਰਾਰ ਹੋਕੇ, ਕੰਸ ਪਾਪੀ ਦਾ ਕੀਤਾ ਸੰਘਾਰ ਸੀ ਤੂੰ।
ਖਾਦਾ ਸਾਗ ਅਲੂਨਾ ਤੂੰ ਬਿਦਰ ਦਾ ਸੀ, ਖਿਚੜੀ ਖਾ ਤਾਰੀ ਮੀਰਾ ਨਾਰ ਸੀ ਤੂੰ।
ਮੀਰੀ ਪੀਰੀ ਪਾਕੇ ਛੇਵਾਂ ਧਾਰ ਜਾਮਾ, ਖਾਦੀ ਕਦੀ ਨਾ ਜੰਗ ਚੋਂ ਹਾਰ ਸੀ ਤੂੰ।
ਸੱਦਾ ਲਾਜ ਰੱਖੀ ਆਪਣੇ ਸੇਵਕਾਂ ਦੀ, ਔਗਨ ਕਿਸੇ ਦੇ ਨਾ ਚਤਾਰ ਦਾ ਸੈਂ।
ਅਮੀਰ ਰਹਿਨ ਚੁਬਾਰਿਆਂ ਵਿੱਚ ਸੁੱਤੇ, ਸਦਾ ਬੇੜੇ ਗਰੀਬਾਂ ਦੇ ਤਾਰ ਦਾ ਸੈਂ।

ਵਾਹਿਆ ਖੰਡਾ ਮੈਦਾਨ ਏ ਜੰਗ ਅੰਦਰ, ਤੇਰੇ ਸਾਹਵੇਂ ਕੋਈ ਸੂਰਮਾ ਅਟਕਿਆ ਨਾ।
ਸੌਂ ਗਏ ਦੁਸ਼ਮਨ ਸੁਸਰੀ ਵਾਗ ਸਾਰੇ, ਕੰਨ ਕਿਸੇ ਵੀ ਉਠਕੇ ਫੜਕਿਆ ਨਾ।
ਵਾਂਗ ਹਾਥੀਆਂ ਪਲੇ ਜਵਾਨ ਜਿਹੜੇ, ਸਾਹਵੇਂ ਸ਼ੇਰ ਦੇ ਕੋਈ ਵੀ ਬੜਕਿਆ ਨਾ।
ਰਣ ਭੂੰਮਕਾ ਵਿੱਚ ਜੋ ਕੜਕ ਦੇ ਸੀ, ਤੇਰੇ ਸਾਹਵੇਂ ਦੁਬਾਰਾ ਕੋਈ ਕੜਕਿਆ ਨਾ।
ਕੀਤੀ ਕਾਇਮ ਮਿਸਾਲ ਸੀ ਜੱਗ ਅੰਦਰ, ਬਾਵਨ ਰਾਜਿਆ ਲਈ ਬੰਦੀ ਛੋੜ ਸੈਂ ਤੂੰ।
ਗਿਣੇ ਜਾਣ ਨਾ ਕੀਤੇ ਉਪਕਾਰ ਤੇਰੇ, ਪਾਪੀ ਤਾਰੇ ਕਈ ਲੱਖ ਕਰੋੜ ਸੀ ਤੂੰ।

ਅਮੀਰ ਨਵਾਜ ਨਹੀਂ ਕਿਸੇ ਨੇ ਕਿਹਾ ਤੈਨੂੰ, ਸਦਾ ਕਹਿਨ ਗਰੀਬ ਨਵਾਜ ਤੈਨੂੰ।
ਬੂਹਾ ਰਹਿਮਤਾਂ ਦਾ ਖੁਲਾ ਰੱਖਿਆ ਸੀ, ਸ਼ਰਨ ਆਇਆ ਦੀ ਦਾਤਿਆ ਲਾਜ ਤੈਨੂੰ।
ਤੇਰੀ ਨਿਗਾ ਅੰਦਰ ਸੱਭੇ ਵੱਸਦੇ ਸੀ, ਨਹੀਂ ਜ਼ਾਲਮ ਦਾ ਕਦੇ ਲਿਹਾਜ ਤੈਨੂੰ।
ਭਗਤੀ ਸ਼ਕਤੀ ਨੂੰ ਸਦਾ ਹੈ ਜਨਮ ਦੇਂਦੀ, ਭਗਤਾਂ ਜੋਧਿਆ ਤੇ ਸਦਾ ਨਾਜ ਤੈਨੂੰ।
ਤੇਰੀ ਸ਼ਕਤੀ ਨਾ ਹੋਵੇ ਬਿਆਨ ਮੈਥੋਂ, ਤੇਰੇ ਵਿੱਚ ਤੇ ਬਰਕਤਾ ਸਾਰੀਆਂ ਸੀ।
ਰਾਜਾ ਪਰਤ ਨਾ ਮੰਗਿਆ ਉਸ ਪਾਣੀ, ਜਿਸ ਪਾਸੇ ਦਾਤਾ ਤੇਗਾਂ ਮਾਰੀਆਂ ਸੀ।

ਲੋਕੀਂ ਕਰਨ ਗੱਲਾਂ ਤੇਰੇ ਰਾਜ ਦੀਆਂ

ਲਿਖਿਆ ਵਿੱਚ ਇਤਿਹਾਸ ਦੇ ਪੰਨਿਆ ਤੇ, ਖਾਤਰ ਪੰਥ ਜੋ ਘਾਲਨਾ ਘਾਲੀਆਂ ਤੂੰ।
ਕੱ ਦੇਸ਼ 'ਚੋਂ ਸ਼ਾਹ ਜ਼ਮਾਨ ਤਾਂਈ, ਸਿੱਖ ਪੰਥ ਦੀਆਂ ਡੋਰਾਂ ਸੰਭਾਲੀਆਂ ਤੂੰ।
ਰਾਖੀ ਦੇਸ਼ ਦੀ ਕਰਨ ਲਈ ਆਪ ਹੱਥੀਂ, ਬਾਰਾਂ ਮਿਸਲਾਂ ਕਰ ਵਖਾਲੀਆਂ ਤੂੰ।
ਤੰਰੀ ਤੇਗ ਅੱਗੇ ਨਾ ਕੋਈ ਅੜ ਸਕਿਆ, ਕੱਢੀਆ ਦੇਸ਼ ਦੇ ਵਿਚੋਂ ਕੰਗਾਲੀਆਂ ਤੂੰ।
ਰਾਜ ਧਰਮ ਦਾ ਕੀਤਾ ਪੰਜਾਬ ਅੰਦਰ, ਸ਼ਾਨਾਂ ਉੱਚੀਆਂ ਸੀ ਤਖਤੋ ਤਾਜ ਦੀਆਂ।
ਲੇਖੇ ਧਰਮ ਦੇ ਜਿੰਦੜੀ ਲਾਈ ਸਾਰੀ, ਲੋਕੀਂ ਕਰਨ ਗੱਲਾਂ ਤੇਰੇ ਰਾਜ ਦੀਆਂ।

ਹਰੀ ਸਿੰਘ ਜਰਨੈਲ ਜਹੇ ਜੋਧਿਆਂ ਨੇ, ਕਰਕੇ ਐਸੀ ਕਮਾਲ ਵਖਾਈ ਹੈਸੀ।
ਜਦੋਂ ਗੱਜਦਾ ਸੀ ਮੁੱਛੀ ਤਾਂ ਦੇ ਕੇ, ਥਰ ਥਰ ਕੰਬਦੀ ਤਦੋਂ ਲੋਕਾਈ ਹੈਸੀ।
ਕੰਧਾਂ ਕਾਬਲ ਕੰਧਾਰ ਤਕ ਕੰਬ ਉਠੀਆਂ, ਧਾਂਕ ਸ਼ੇਰ ਨੇ ਐਸੀ ਜਮਾਈ ਹੈਸੀ।
ਸ਼ਾਮ ਸਿੰਘ ਜੈਸੇ ਜੋਧੇ ਜੰਮਣੇ ਨਹੀਂ, ਜੰਗ ਵਿਚੋਂ ਨਾ ਪਿੱਠ ਭਵਾਈ ਹੈਸੀ।
ਲੜ ਮਰਨ ਲਈ ਸਦਾ ਤਿਆਰ ਰਹਿੰਦਾ, ਧੁਮਾਂ ਪਈਆਂ ਸੀ ਸਿੱਖ ਸਮਾਜ ਦੀਆਂ।।
ਕੀਤੀ ਕਾਇਮ ਮਿਸਾਲ ਤੂੰ ਜੱਗ ਅੰਦਰ, ਲੋਕੀਂ ਕਰਨ ਗੱਲਾਂ ਤੇਰੇ ਰਾਜ ਦੀਆਂ।

ਰਾਜਪੂਤ ਪਹਾੜੀਏ ਸਭ ਰਾਜੇ, ਕੰਬ ਗਏ ਸੀ ਤੇਰੀ ਸ਼ਮਸ਼ੀਰ ਅੱਗੇ।
ਉੱਚੀ ਸਾਹ ਲੈਕੇ ਨਾ ਕੋਈ ਖੰਘ ਦਾ ਸੀ, ਚਲੇ ਤੇਰੀ ਕਮਾਨ ਦੇ ਤੀਰ ਅੱਗੇ।
ਕਦੇ ਆਣਕੇ ਕੰਨ ਨਾ ਕਿਸੇ ਫੱਟਕੇ, ਧਨੀ ਤੇਗ ਦੇ ਜੋਧੇ ਬਲਬੀਰ ਅੱਗੇ।
ਕਦੇ ਕੋਈ ਨਾ ਆਨਕੇ ਅਟਕਿਆ ਸੀ, ਤੇਰੇ ਪੰਜ ਦਰਿਆਵਾਂ ਦੇ ਨੀਰ ਅੱਗੇ।
ਚਮਕਾਂ ਸਦਾ ਜਹਾਨ ਦੇ ਵਿੱਚ ਰਹਿਸਨ, ਤੇਰੇ ਏਸ ਕੀਤੇ ਵੱਡੇ ਕਾਜ ਦੀਆਂ।
ਚਮਕੇ ਵਾਂਗ ਸਤਾਰਿਆਂ ਯਾਦ ਤੇਰੀ, ਲੋਕੀਂ ਕਰਨ ਗੱਲਾਂ ਤੇਰੇ ਰਾਜ ਦੀਆਂ।

ਤੇਰੇ ਰਾਜ ਦੀ ਸਿਫ਼ਤ ਕੀ ਮੈਂ ਆਖਾਂ, ਹੱਦ ਚੀਨ ਦੇ ਤੱਕ ਪੁਚਾਈ ਸੀ ਤੂੰ।
ਵੰਡ ਵਿਤਕਰੇ ਮੇਟਕੇ ਦੇਸ਼ ਵਿਚੋਂ, ਕਰਕੇ ਹੱਦ ਬੇਹੱਦ ਵਖਾਈ ਸੀ ਤੂੰ।
ਸਾਮ ਰਾਜ ਤੇ ਤੁਰਕਸਤਾਨ ਕੰਬੇ, ਹੱਥੀਂ ਤੇਗ ਫੜ ਜਦੋ ਨਚਾਈ ਸੀ ਤੂੰ।
ਧਰਮੀ ਰਾਜ ਚਲਾਕੇ ਦੇਸ਼ ਅੰਦਰ, ਖੱਟੀ ਜੱਗ ਦੇ ਵਿੱਚ ਭਲਾਈ ਸੀ ਤੂੰ।
ਜਦ ਤੱਕ ਰਹੇ ਦੁਨੀਆਂ ਤੇਰਾ ਨਾ ਰਹਿਸੀ, ਸਿਫਤਾਂ ਸਦਾ ਹੋਸਨ ਤੇਰੇ ਨਾਜ ਦੀਆਂ।
ਦਿਤੀ ਦੇਣ ਜੋ ਰਾਜਾ ਪੰਜਾਬੀਆਂ ਨੂੰ, ਲੋਕੀਂ ਕਰਨ ਗੱਲਾਂ ਤੇਰੇ ਰਾਜ ਦੀਆਂ।

ਵਿਗੜਿਆ ਜ਼ਮਾਨਾ

ਹਰ ਇੱਕ ਤਾਈਂ ਵੇਖੋ ਵੀਰੋ, ਟੈਲੀਵੀਜ਼ਨ ਪੁੱਟੇ।
ਮਿੱਟੀ ਦੇ ਵਿੱਚ ਇਜ਼ਤ ਰੋਲਕੇ, ਹਰ ਕੋਈ ਬੁੱਲੇ ਲੁੱਟੇ।
ਸ਼ਰਮ ਹੱਜਾ ਰਹੀ ਨਹੀਂ ਉਕਾ, ਫੈਸ਼ਨ ਦੇ ਵੱਲ ਜੁੱਟੇ।
ਮਾਰੀ ਮੱਤ ਜ਼ਮਾਨੇ ਰਾਜਾ, ਵਾ ਵੱਗੀ ਚਹੁੰ ਕੂੰਟੇ।

ਗੰਦੇ ਗੀਤ ਲਖਾਰੀ ਲਿਖਣੋ, ਉਕਾ ਨਹੀਂ ਸ਼ਰਮਾਂਦੇ।
ਕਲਾਕਾਰ ਵੀ ਮਹਿਫਲ ਅੰਦਰ, ਕੁੜੀਆਂ ਨਾਲ ਨਚਾਂਦੇ।
ਬਾਹਵਾਂ ਦੇ ਵਿੱਚ ਬਾਹਵਾਂ, ਪਾਕੇ ਉਚੀ ਸੁਰ. ਵਿੱਚ ਗਾਂਦੇ।
ਨੂੰਹ ਸੋਹਰਾ ਤੇ ਪੋਤੀ ਦਾਦਾ, ਵੇਖਨ ਦੇ ਲਈ ਜਾਂਦੇ।

ਉਠ ਉਠ ਉਤੋਂ ਨੋਟ ਵਾਰਦੇ, ਵਾਹ ਕਹਿਕੇ ਨਾ ਬਹਿੰਦੇ।
ਬੁਢਿਆ ਉਤੇ ਚੜੇ ਜਵਾਨੀ, ਤੇ ਨਚਨੋ ਨਹੀਂ ਰਹਿੰਦੇ।
ਆ ਬੈਠ ਬੁੱਢੇ ਦੇ ਟਾਂਗੇ ਤੇ, ਇਹ ਨਚਦੇ ਨਚਦੇ ਕਹਿੰਦੇ।
ਨਾ ਸੋਚਣ ਨਾ ਸਮਝਣ, ਰਾਜਾ ਗੰਦੇ ਵਹਿਣੀ ਵਹਿੰਦੇ।

ਲਿਖਦੇ ਰਹੇ ਲਖਾਰੀ ਏਦਾ, ਜੇਕਰ ਪਿਆ ਨਾ ਡੱਕਾ।
ਡੁੱਬ ਜਾਵਨ ਸਭ ਬਿਨਾ ਪਾਣੀਉ, ਇਜ਼ਤ ਨਾ ਰਹਿਣੀ ਫੱਕਾ।
ਡਿੱਗ ਜਾਵਣਗੇ ਬਿਨਾ ਡੇਗਿਉਂ ਮੰਦਰ ਗੁਮਟ ਮੱਕਾ।
ਧਰਮੀ ਨਾ ਕੋਈ ਰਹਿਨਾ ਰਾਜਾ, ਚੌਧਰ ਚੋਰ ਉਚੱਕਾ।

ਸਾਰੇ ਰੱਲਕੇ ਹੰਬਲਾ ਮਾਰੋ, ਜੇ ਰੋਕਿਆਂ ਰੁਕ ਜਾਵਣ।
ਨੋਟ ਕਮਾਵਨ ਖਾਤਰ ਆਖੋ ਅੱਗਾ ਨਾ ਭੜਕਾਵਣ।
ਸਿਧੇ ਰਾਹੇ ਪੈ ਜਾਵਨ ਸਭ ਗੰਦੇ ਗੀਤ ਨਾ ਗਾਵਣ।
ਸੁੱਖ ਦੇਵਨ ਲੋਕਾਂ ਨੂੰ ਰਾਜਾ ਤੇ ਨਾਲੇ ਸੁੱਖ ਪਾਵਣ।

ਜੇ ਸਾਡੀ ਸਰਕਾਰ ਵੀ ਸੋਚੇ, ਕੰਮ ਹੋ ਜਾਊ ਸ਼ਰਤੇ।
ਨਾ ਕੋਈ ਨਾਲ ਕਿਸੇ ਦੇ ਨਿਕਲੇ, ਨਾ ਫਿਰ ਭਾਣਾ ਵਰਤੇ।
ਗੀਤ ਲਿਖਣ ਜੱਟ ਜਮਲੇ ਵਾਗੂੰ, ਮੂੰਹ ਕਲਮ ਦਾ ਪਰਤੇ।
ਜਾਵੇ ਸੁਧਰ ਜ਼ਮਾਨਾ ਰਾਜਾ, ਰੁੱਤ ਆਵੇ ਹਰ ਘਰ ਤੇ।



'ਰਾਜਾ' ਲੇਖਕ ਦੇ ਪਿਛਲੇ ਪਿੰਡ ਦਾ ਨਾਂ ਹੈ ਜੋ ਪਾਕਿਸਤਾਨ ਦੇ ਜ਼ਿਲੇ ਗੁਜਰਾਂਵਾਲੇ ਵਿੱਚ ਸੀ। ਏਸੇ ਕਰਕੇ ਹਰਭਜਨ ਸਿੰਘ ਨੇ ਆਪਣੇ ਨਾਂ ਨਾਲ 'ਰਾਜਾ' ਜੋੜ ਕੇ ਆਪਣੇ ਜਨਮ-ਪਿੰਡ ਨੂੰ ਯਾਦ ਰਖਿਆ ਹੈ, ਪਾਕਿਸਤਾਨ ਬਣਨ ਤੋਂ ਪਹਿਲਾਂ ਵਿਸ਼ਾਲ ਪੰਜਾਬ ਵਿੱਚ ਗੁਜਰਾਂਵਾਲੇ ਤੇ ਸਿਆਲਕੋਟ ਦੀ ਬੋਲੀ ਨੂੰ ਟਕਸਾਲੀ ਪੰਜਾਬੀ ਬੋਲੀ ਮੰਨਿਆ ਜਾਂਦਾ ਸੀ। ਸੋ 'ਰਾਜਾ' ਜੀ ਦੀਆਂ ਰਚਨਾਵਾਂ ਦੀ ਭਾਸ਼ਾ ਵਿਚੋਂ ਉਸ ਟਕਸਾਲੀ ਪੰਜਾਬੀ ਬੋਲੀ ਦੇ ਰੰਗ ਦੀ ਮਹਿਕ ਪਾਠਕ ਜ਼ਰੂਰ ਅਨੁਭਵ ਕਰਨਗੇ।

ISBN 93-80672-05-5

9789380672052

Rs. 110/-

UDAAN PUBLICATIONS,
INDIA
MANSA-151505 (PUNJAB)
Phone : +91-1652-233087